ਭਾਗ 2

# ਸੋਚ ਦਾ ਸਫ਼ਰ

ਵਾਇਆ

ਅਵਤਾਰ ਤਰਕਸ਼ੀਲ ਨਿਊਜ਼ੀਲੈਂਡ

ਜੱਦੀ ਪਿੰਡ ਖੁਰਦਪੁਰ (ਜਲੰਧਰ)

## ਲੇਖਕ ਬਾਰੇ

ਅਵਤਾਰ ਤਰਕਸ਼ੀਲ ਭਾਜੀ ਲਗਭਗ ਸਾਢੇ ਤਿੰਨ ਦਹਾਕਿਆਂ ਤੋਂ ਕਿਤਾਬ ਪ੍ਰਵਾਹ ਨਾਲ ਜੁੜੇ ਹੋਏ ਹਨ। ਉਹਨਾਂ ਜਿਥੇ ਕਾਰੋਬਾਰੀ ਤੌਰ ਤੇ ਮਿਸਾਲੀ ਤਰੱਕੀ ਹਾਸਿਲ ਕੀਤੀ ਹੈ। ਉੱਥੇ ਹੀ ਸ਼ਬਦ ਪ੍ਰਵਾਹ ਦੇ ਵਿਗਿਆਨਕ ਰੂਪ ਨੂੰ ਲੋਕਾਂ ਵਿਚ ਲੈ ਕੇ ਜਾਣ ਵਿਚ ਵੀ ਮਿਸਾਲੀ ਜਜ਼ਬਾਤੀ ਕੰਮ ਕੀਤਾ ਹੈ। ਉਹਨਾਂ ਨੂੰ ਨਿਊਜ਼ੀਲੈਂਡ ਵਿਚ ਕੋਈ ਪਾਠਕ ਮਿਲ ਜਾਵੇ, ਉਸ ਦੀ ਸ਼ਬਦੀ ਭੁੱਖ ਮਿਟਾਉਣ ਲਈ ਹਰ ਯਤਨ ਕਰਦੇ ਹਨ। ਉਹਨਾਂ ਦੀ ਵਾਹ ਰਹਿੰਦੀ ਹੈ ਕਿ ਵਿਚਾਰਕ ਤੌਰ ਤੇ ਕੋਈ ਭੁੱਖਾ ਨਾ ਰਹੇ, ਇਸ ਲਈ ਆਪਣੀ ਜੇਬ ਵਿਚੋਂ ਪੈਸੇ ਲਾਉਣ ਵੇਲੇ ਵੀ ਉਹ ਜੇਬ ਨੂੰ ਬਕਸੂਏ ਨਹੀਂ ਲਾਉਂਦੇ। ਪਿਛਲੇ ਕੁਝ ਸਮੇਂ ਤੋਂ ਉਹਨਾਂ ਲਿਖਣਾ ਸ਼ੁਰੂ ਕੀਤਾ ਹੈ। ਉਹਨਾਂ ਦੀ ਲਿਖਤ ਵਿਚ ਵਿਗਿਆਨ, ਜਜ਼ਬਾ, ਹਿੰਮਤ, ਸੋਚ ਅਤੇ ਜ਼ਿੰਦਗੀ ਨੂੰ ਬੇਹਤਰ ਬਣਾਉਣ ਦੇ ਸਾਰੇ ਨੁਕਤੇ ਸ਼ਾਮਿਲ ਹਨ। ਉਮੀਦ ਹੈ ਕਿ ਤੁਸੀਂ ਇੱਕਲੀ ਇਕੱਲੀ ਲਿਖਤ ਨੂੰ ਉਕਤ ਪੀ.ਡੀ.ਐਫ ਕਿਤਾਬਚੇ ਰਾਹੀਂ ਪੜ੍ਹੋਂਗੇ ਹੀ ਨਹੀਂ, ਸਗੋਂ ਅੱਗੇ ਵੀ ਸਾਂਝੇ ਕਰੋਂਗੇ ।

*–ਤਰਨਦੀਪ ਬਿਲਾਸਪੁਰ*

**Design & Layout**
Innovative Web Solutions
www.innovativeweb.co.nz

ਅਵਤਾਰ ਤਰਕਸ਼ੀਲ ਨਿਊਜ਼ੀਲੈਂਡ

# ਸੋਚ ਦਾ ਸਫ਼ਰ

## ਭਾਗ 2

**ਸੰਪਾਦਨ**

ਪੰਜਾਬ ਵਿਰਾਸਤ ਭਵਨ ਅਤੇ ਲਾਇਬ੍ਰੇਰੀ ਆਕਲੈਂਡ

202 ਗ੍ਰੇਟ ਸਾਊਥ ਰੋਡ, ਮੈਨੁਰੇਵਾ, ਆਕਲੈਂਡ - 2102

# ਤਤਕਰਾ


| | | |
|---|---|---|
| # 1 | ਕਾਮਯਾਬੀ (Success) | Page 1 |
| # 2 | ਅੰਤਿਮ ਮਿਤੀ/ਆਖਰੀ ਤਰੀਕ (Date of completion) | Page 4 |
| # 3 | ਪ੍ਰਾਪਰਟੀ ਮੈਨੇਜਰ ਦੀ ਇੰਟਰਵਿਊ ਜਾਂ ਪ੍ਰਾਪਰਟੀ ਮੈਨੇਜਰ ਕਿਵੇਂ ਚੁਣੀਏ? | Page 7 |
| # 4 | ਨਿਊਜ਼ੀਲੈਂਡ 'ਚ ਵੋਟਾਂ ਦਾ ਮਾਹੌਲ ਅਤੇ ਘਰਾਂ ਦੀਆਂ ਚੜ੍ਹ ਰਹੀਆਂ ਕੀਮਤਾਂ | Page 11 |
| # 5 | ਫੋਨ ਦੀ ਗੁਲਾਮੀ | Page 16 |
| # 6 | ਅਜ਼ਾਦ ਭਾਰਤ ਦਾ ਕਿਸਾਨ ਸੜਕਾਂ 'ਤੇ ਜਦ ਕਿ ਨਾਸਤਿਕਾਂ ਦੇ ਮੁਲਕ ਨਿਊਜ਼ੀਲੈਂਡ 'ਚ ਸਹੂਲਤਾਂ ਦੀ ਭਰਮਾਰ | Page 21 |
| # 7 | ਕੀ ਇਹ ਅਜ਼ਾਦੀ ਹੈ? | Page 26 |
| # 8 | ਨਿਊਜ਼ੀਲੈਂਡ 'ਚ ਘਰ ਖਰੀਦਣ ਸਮੇਂ ਕਿਸ–ਕਿਸ ਚੀਜ਼ ਦਾ ਸੌਦਾ ਕਰਨ ਦੀ ਲੋੜ ਹੁੰਦੀ ਹੈ? | Page 29 |
| # 9 | ਨਿਊਜ਼ੀਲੈਂਡ 'ਚ ਆਰਥਿਕ ਮੰਦੀ (Recession In New Zealand) ਇਸ ਦੇ ਅਸਰ ਨੂੰ ਘੱਟ ਕਰਨ ਲਈ ਕੀ ਕਰੀਏ? | Page 32 |
| # 10 | ਕੀ ਰੱਬ ਕੀੜੇ ਨੂੰ ਪੱਥਰਾਂ 'ਚ ਵੀ ਰਿਜ਼ਕ (ਖਾਣਾ) ਦਿੰਦਾ ਹੈ? | Page 38 |
| # 11 | ਸਿਆਣਾ ਕੌਣ? | Page 40 |
| # 12 | ਘੱਟ ਪੈਸੇ ਨਾਲ ਜਾਂ ਬਿਨਾਂ ਪੈਸੇ ਤੋਂ ਵਿਦੇਸ਼ਾਂ 'ਚ ਛੋਟੇ ਕਾਰੋਬਾਰ ਕਿਸ ਤਰ੍ਹਾਂ ਸ਼ੁਰੂ ਕਰੀਏ? | Page 43 |
| # 13 | ਭਾਰਤ 'ਚ ਦਾਜ ਦੀ ਸਮੱਸਿਆ | Page 48 |
| # 14 | ਰੱਖੜੀ – ਸੱਚ 'ਤੇ ਅਧਾਰਤ | Page 52 |
| # 15 | ਕਿਸਮਤ | Page 54 |



AVTAR
TARKSHEEL NZ
ਜੱਦੀ ਪਿੰਡ ਖੁਰਦਪੁਰ (ਜਲੰਧਰ)

# # 1

# ਕਾਮਯਾਬੀ (Success)

ਕਾਮਯਾਬੀ ਦੀ ਪਰਿਭਾਸ਼ਾ ਹਰ ਇੱਕ ਵਾਸਤੇ ਅਲੱਗ ਅਲੱਗ ਹੋ ਸਕਦੀ ਹੈ। ਇਨਸਾਨ ਜਿੰਦਗੀ ਦੇ ਵੱਖ ਵੱਖ ਖੇਤਰਾਂ ਵਿੱਚ ਕਾਮਯਾਬੀ ਹਾਸਲ ਕਰਦਾ ਹੈ। ਕਿਸੇ ਵੀ ਕਾਮਯਾਬੀ ਨੂੰ ਘੱਟ ਕਰਕੇ ਨਹੀਂ ਦੇਖਿਆ ਜਾ ਸਕਦਾ। ਵੱਡੀ ਗਿਣਤੀ ਵਿੱਚ ਲੋਕ ਕਾਮਯਾਬੀ ਨੂੰ ਆਰਥਿਕ ਅਧਾਰ ਤੇ ਹੀ ਦੇਖਦੇ ਹਨ। ਕਾਮਯਾਬੀ ਕਿਸੇ ਵੀ ਖੇਤਰ ਵਿੱਚ ਹਾਸਲ ਕਰਨੀ ਹੋਵੇ ਤਾਂ ਉਸ ਨੂੰ ਹਾਸਲ ਕਰਨ ਲਈ ਕੁੱਝ ਨੁਕਤੇ ਹਮੇਸ਼ਾਂ ਲਾਭਦਾਇਕ ਹੁੰਦੇ ਹਨ ਜਿਨ੍ਹਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

- ✔ ਕਮਿਟਮੈਂਟ (Commitment): ਕਾਮਯਾਬੀ ਹਾਸਲ ਕਰਨ ਲਈ ਜ਼ਰੂਰੀ ਹੈ ਕਿ ਆਪਣਾ ਪੂਰਾ ਧਿਆਨ ਆਪਣੀ ਕੀਤੀ ਹੋਈ ਕਮਿਟਮੈਂਟ ਤੇ ਕੇਂਦਰਤ ਕੀਤਾ ਜਾਵੇ।

- ✔ ਗਿਆਨ ਪ੍ਰਾਪਤੀ (Seek Knowledge): ਕਾਮਯਾਬੀ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਕਿ ਜਿਸ ਚੀਜ਼/ਕਿੱਤੇ ਜਾਂ ਕਾਰੋਬਾਰ ਵਿੱਚ ਕਾਮਯਾਬੀ ਹਾਸਲ ਕਰਨੀ ਹੈ ਉਸ ਪ੍ਰਤੀ ਵੱਧ ਤੋਂ ਵੱਧ ਜਾਣਕਾਰੀ/ਗਿਆਨ ਇਕੱਠਾ ਕੀਤਾ ਜਾਵੇ। ਇਹ ਜ਼ਰੂਰੀ ਨਹੀਂ ਕਿ ਉਹ ਗਿਆਨ ਤੁਹਾਨੂੰ ਆਪਣੇ ਪਰਿਵਾਰ ਜਾਂ ਦੋਸਤਾਂ ਤੋਂ ਮਿਲੇ। ਉਸ ਗਿਆਨ ਨੂੰ ਹਾਸਲ ਕਰਨ ਵਾਸਤੇ ਤੁਹਾਨੂੰ ਆਪਣੇ ਦੋਸਤਾਂ ਦੇ ਗਰੁੱਪ ਤੋਂ ਬਾਹਰ ਵੀ ਨਿਕਲਣਾ ਪੈ ਸਕਦਾ ਹੈ ਜਿਸ ਤੋਂ ਹਿਚਕਿਚਾਹਟ ਨਹੀਂ ਕਰਨੀ ਚਾਹੀਦੀ।

- ✔ ਅਨੰਦਮਈ ਸਫ਼ਰ (Make journey fun): ਕਾਮਯਾਬੀ ਹਾਸਲ ਕਰਨ ਲਈ ਜ਼ਰੂਰੀ ਹੈ ਕਿ ਆਪਣੇ ਸਫ਼ਰ ਨੂੰ ਅਨੰਦਮਈ ਬਣਾਇਆ ਜਾਵੇ। ਇਸ ਨਾਲ ਕਾਮਯਾਬੀ ਦਾ ਸਫ਼ਰ ਆਸਾਨ ਹੋ ਜਾਂਦਾ ਹੈ ਅਤੇ ਸਫ਼ਰ ਤੋਂ ਤੁਸੀਂ ਉਕਤਾਉਂਦੇ (Bore) ਨਹੀਂ।

✔ ਨਾਂਹ ਪੱਖੀ ਸੋਚ (Negative Thinking): ਕਾਮਯਾਬੀ ਹਾਸਲ ਕਰਨ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਤੁਸੀਂ ਨਾਂਹ ਪੱਖੀ ਲੋਕਾਂ ਤੋਂ ਦੂਰ ਰਹੋ ਜਾਂ ਉਨ੍ਹਾਂ ਦੀ ਸੰਗਤ ਤੋਂ ਬਚੋ। ਉਹ ਹਮੇਸ਼ਾਂ ਤੁਹਾਨੂੰ ਗਲਤ ਸਾਬਤ ਕਰਨ ਦੀ ਕੋਸ਼ਿਸ਼ ਵਿੱਚ ਰਹਿਣਗੇ। ਉਨ੍ਹਾਂ ਦੇ ਜਿਆਦਾ ਸੰਪਰਕ ਵਿੱਚ ਰਹਿਣ ਨਾਲ ਤੁਸੀਂ ਆਪਣਾ ਰਸਤਾ ਭਟਕ ਸਕਦੇ ਹੋ। ਨਾਂਹ ਪੱਖੀ ਸੋਚ ਵਾਲੇ ਲੋਕਾਂ ਨੂੰ ਵਧੀਆ ਹਲਾਤਾਂ ਵਿੱਚੋਂ ਵੀ ਬੁਰੇ ਹਲਾਤ ਨਜ਼ਰ ਆਉਣਗੇ।

✔ ਆਪਣੀ ਭਵਿੱਖਬਾਣੀ ਕਰੋ (Use your imagination): ਹਾਲਾਂਕਿ ਭਵਿੱਖਬਾਣੀ ਦਾ 100% ਸੱਚ ਹੋਣਾ ਸੰਭਵ ਨਹੀਂ ਹੁੰਦਾ ਪਰ ਫਿਰ ਵੀ ਜੇ ਤੁਸੀਂ ਆਪਣੀ ਭਵਿੱਖਬਾਣੀ ਆਪ ਕਰੋਗੇ ਤਾਂ ਉਹ ਅਸਲ ਦੇ ਲਾਗੇ ਹੀ ਹੋਵੇਗੀ ਕਿਉਂਕਿ ਤੁਹਾਡੀ ਆਪਣੀ ਕੀਤੀ ਭਵਿੱਖਬਾਣੀ ਤੁਹਾਡੀ ਆਪਣੀ ਕਾਬਲੀਅਤ ਦੇ ਹਿਸਾਬ ਨਾਲ ਹੀ ਹੋਵੇਗੀ। ਇਸ ਨਾਲ ਕਾਮਯਾਬੀ ਹਾਸਲ ਕਰਨੀ ਸੌਖੀ ਹੋ ਜਾਂਦੀ ਹੈ ਕਿਉਂਕਿ ਤੁਸੀਂ ਆਪਣੇ ਸਜਾਏ ਸੁਪਨਿਆਂ ਵਿੱਚ ਆਪਣਾ ਭਵਿੱਖ ਦੇਖਣਾ ਸ਼ੁਰੂ ਕਰ ਦਿੰਦੇ ਹੋ।

✔ ਆਪਣੇ ਪ੍ਰਤੀ ਵਧੀਆ ਮਹਿਸੂਸ ਕਰਨਾ ਬੰਦ ਕਰੋ (Stop being nice to you): ਕਾਮਯਾਬੀ ਹਾਸਲ ਕਰਨ ਲਈ ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਆਪਣੇ ਪ੍ਰਤੀ ਇਮਾਨਦਾਰ ਰਹੋ। ਕਈ ਵਾਰ ਤੁਸੀਂ ਕੋਈ ਗਲਤ ਕੰਮ ਕਰਕੇ ਵੀ ਉਸ ਨੂੰ ਸਹੀ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਹੋ। ਭਾਵੇਂ ਇਸ ਨਾਲ ਤੁਸੀਂ ਆਪਣੀ ਤਸੱਲੀ ਕਰਾ ਲੈਂਦੇ ਹੋ ਪਰ ਇਹ ਕਾਮਯਾਬੀ ਵਿੱਚ ਰੁਕਾਵਟ ਹੈ ਕਿਉਂਕਿ ਤੁਸੀਂ ਇਸ ਤਰਾਂ ਕਰਕੇ ਆਪਣੀ ਨਾਕਾਮਯਾਬੀ ਨੂੰ ਲੁਕੋ ਲਿਆ ਜਿਸ ਨਾਲ ਕਾਮਯਾਬੀ ਤੋਂ ਤੁਸੀਂ ਦੂਰ ਚਲੇ ਗਏ ਅਤੇ ਤੁਸੀਂ ਆਪਣੀ ਗਲਤੀ ਸੁਧਾਰਨ ਦੇ ਯੋਗ ਨਹੀਂ ਰਹੇ।

✔ ਧਿਆਨ ਭਟਕਾਊ ਚੀਜ਼ਾਂ ਤੋਂ ਦੂਰ ਰਹੋ (Get rid of distractions): ਕਾਮਯਾਬੀ ਹਾਸਲ ਕਰਨ ਵਾਸਤੇ ਧਿਆਨ ਲਗਾਉਣਾ ਜਾਂ ਧਿਆਨ ਕੇਂਦਰਤ ਕਰਨਾ (focus) ਜ਼ਰੂਰੀ ਹੁੰਦਾ ਹੈ। ਇਸ ਕਰਕੇ ਜਿਹੜੀਆਂ ਚੀਜ਼ਾਂ ਤੁਹਾਡਾ ਧਿਆਨ ਭਟਕਾਉਂਦੀਆਂ ਹਨ ਉਨ੍ਹਾਂ ਤੋਂ ਬਚਾ ਕਰੋ।

✔ ਦੂਸਰਿਆਂ ਤੇ ਨਿਰਭਰ ਨਾ ਕਰੋ (Do not rely on others): ਜੇਕਰ ਤੁਹਾਡੀ ਕਾਮਯਾਬੀ ਦੂਸਰਿਆਂ ਤੇ ਨਿਰਭਰ ਹੈ ਤਾਂ ਇਸ ਨੂੰ ਪ੍ਰਾਪਤ ਕਰਨ ਦੇ ਮੌਕੇ ਘੱਟ ਹੁੰਦੇ ਹਨ। ਇਸ ਕਰਕੇ ਵਧੀਆ ਹੈ ਕਿ ਆਪਣੀ ਕਾਮਯਾਬੀ ਹਾਸਲ ਕਰਨ ਲਈ ਦੂਸਰਿਆਂ ਤੇ ਨਿਰਭਰ ਨਾ ਕੀਤਾ ਜਾਵੇ।

✔ ਸਕੀਮ ਬਣਾਉਣੀ (Plan): ਕਾਮਯਾਬੀ ਹਾਸਲ ਕਰਨ ਲਈ ਪੂਰੀ ਸਕੀਮ (Plan) ਬਣਾਈ ਜਾਵੇ ਅਤੇ ਉਹ ਸਕੀਮ ਲਿਖੀ ਹੋਈ ਹੋਵੇ। ਹਰ ਹਫਤੇ ਜਾਂ ਰੋਜ਼ਾਨਾ ਉਸ ਸਕੀਮ ਨੂੰ ਦੇਖਿਆ ਜਾਵੇ ਕਿ ਤੁਸੀਂ ਕਾਮਯਾਬੀ ਦੇ ਲਾਗੇ ਜਾ ਰਹੇ ਹੋ ਜਾਂ ਦੂਰ ? ਇਸ ਨਾਲ ਤੁਸੀਂ ਆਪਣੀ ਰਫਤਾਰ ਤੇਜ਼ ਜਾਂ ਹੌਲੀ ਕਰ ਸਕਦੇ ਹੋ।

✔ ਆਪਣੇ ਆਪ ਨੂੰ ਜਲਣ ਤੋਂ ਬਚਾਓ (Protect yourself from burnout): ਕਾਮਯਾਬੀ ਦੀ ਪ੍ਰਾਪਤੀ ਵੱਲ ਵਧਦੇ ਹੋਏ ਦੂਜੀ ਸਕੀਮ ਵੀ ਬੈਕ ਅਪ ਦੇ ਤੌਰ ਤੇ ਰੱਖੋ। ਜੇਕਰ ਪਹਿਲੀ ਸਕੀਮ ਨਾਕਾਮਯਾਬ ਹੋ ਜਾਂਦੀ ਹੈ ਤਾਂ ਦੂਜੀ ਸਕੀਮ ਤੁਹਾਨੂੰ ਕਾਮਯਾਬੀ ਵੱਲ ਲੈ ਜਾਵੇਗੀ। ਜੇਕਰ ਇਕੋ ਸਕੀਮ ਲੈ ਕੇ ਕਾਮਯਾਬੀ ਵੱਲ ਵਧੋਗੇ ਤਾਂ ਉਸ ਸਕੀਮ ਦੇ ਫੇਲ੍ਹ ਹੋਣ ਨਾਲ ਸਭ ਕੁੱਝ ਸਮਾਪਤ ਹੋ ਸਕਦਾ ਹੈ।

ਇਨ੍ਹਾਂ ਨੁਕਤਿਆਂ ਤੇ ਚੱਲਣ ਨਾਲ ਹਰ ਖੇਤਰ ਵਿੱਚ ਕਾਮਯਾਬੀ ਹਾਸਲ ਕਰਨ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ।

*ਨੋਟ :- ਇਹ ਨੁਕਤੇ ਮੇਰੇ ਤਜਰਬੇ ਤੇ ਅਧਾਰਤ ਹਨ ਜੋ ਮੈਂ ਆਪਣੀ ਜਿੰਦਗੀ ਵਿੱਚ ਵਾਰ ਵਾਰ ਵਰਤੇ ਹਨ ਅਤੇ ਕਈ ਹੋਰਨਾਂ ਨੇ ਵੀ ਵਰਤੇ ਹਨ ਅਤੇ ਕਾਮਯਾਬੀ ਵੱਲ ਕਦਮ ਵਧਾਏ ਹਨ।*

❖❖❖❖❖

# 2

## ਅੰਤਿਮ ਮਿਤੀ/ਆਖਰੀ ਤਰੀਕ (Date of completion)

ਅੰਤਿਮ ਮਿਤੀ ਭਾਵ ਜਿਸ ਦਿਨ ਕੰਮ ਖਤਮ ਹੋਣਾ ਹੈ। ਕਿਸੇ ਵੀ ਕੰਮ ਨੂੰ ਕਰਨ ਵਿੱਚ ਅੰਤਿਮ ਮਿਤੀ ਦੇ ਤੈਅ ਹੋਣ ਦੀ ਬਹੁਤ ਅਹਿਮੀਅਤ ਹੁੰਦੀ ਹੈ। ਜਿਨ੍ਹਾਂ ਕੰਮਾਂ ਦੀ ਅੰਤਿਮ ਮਿਤੀ ਪਹਿਲੇ ਦਿਨ ਤੈਅ ਨਹੀਂ ਹੁੰਦੀ ਉਹ ਅਕਸਰ ਦੇਰੀ ਨਾਲ ਖਤਮ ਹੁੰਦੇ ਹਨ। ਖਾਸ ਤੌਰ ਤੇ ਕਿਸੇ ਵੀ ਕਾਰੋਬਾਰ ਦੀ ਕਾਮਯਾਬੀ ਵਿੱਚ ਅੰਤਿਮ ਮਿਤੀ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਬਹੁਤ ਗਿਣਤੀ ਵਿੱਚ ਭਾਰਤ ਵਿੱਚ ਰਹਿੰਦਿਆਂ ਲੋਕ ਇਸ ਅਹਿਮੀਅਤ ਨੂੰ ਨਹੀਂ ਸਮਝਦੇ ਖਾਸ ਤੌਰ ਤੇ ਭਾਰਤ ਦੇ ਸਰਕਾਰੀ ਦਫਤਰਾਂ ਵਿੱਚ ਇਸ ਦੀ ਅਹਿਮੀਅਤ ਬਿਲਕੁਲ ਨਹੀਂ ਹੈ। ਜਦੋਂ ਵੀ ਕਿਸੇ ਦਫ਼ਤਰ ਵਿੱਚ ਕੋਈ ਕੰਮ ਕਰਵਾਉਣ ਜਾਂਦੇ ਹਾਂ ਤਾਂ ਦੱਸਿਆ ਜਾਂਦਾ ਹੈ ਕਿ ਸਾਹਿਬ ਜੀ ਅਜੇ ਆਏ ਨਹੀਂ ਹਨ। ਜੇਕਰ ਪੁੱਛ ਲਵੋ ਕਿ ਕਿੰਨੇ ਵਜੇ ਆਉਣਗੇ ਤਾਂ ਕਿਹਾ ਜਾਂਦਾ ਕਿ ਉਹ ਦੱਸ ਕੇ ਨਹੀਂ ਗਏ। ਹੁਣ ਦੇਖਣ ਦੀ ਲੋੜ ਹੈ ਕਿ ਜੇਕਰ ਸਾਹਿਬ ਚਾਹੁੰਦਾ ਤਾਂ ਦਫ਼ਤਰ ਵਿੱਚ ਦੱਸ ਕੇ ਜਾਂ ਲਿਖ ਕੇ ਜਾਂਦਾ ਕਿ ਉਸ ਨੇ ਕਿੰਨੇ ਵਜੇ ਆਉਣਾ ਹੈ ? ਸਾਹਿਬ ਇਹ ਵੀ ਨਹੀਂ ਸੋਚਦਾ ਕਿ ਮੈਨੂੰ ਜੋ ਸਰਕਾਰ ਵਲੋਂ ਤਨਖਾਹ ਮਿਲਦੀ ਹੈ ਉਹ ਲੋਕਾਂ ਦੇ ਪੈਸੇ ਨਾਲ ਹੀ ਮਿਲਦੀ ਹੈ ਅਤੇ ਫਿਰ ਮੈਂ ਲੋਕਾਂ ਨੂੰ ਹੀ ਦਫ਼ਤਰ ਦੇ ਧੱਕੇ ਖਵਾਉਂਦਾ ਹਾਂ। ਬਾਦ ਵਿੱਚ ਜਦੋਂ ਉਹੀ ਦਫ਼ਤਰ ਪ੍ਰਾਈਵੇਟ ਹੋ ਜਾਂਦੇ ਹਨ ਤਾਂ ਸਭ ਦਾ ਕੰਮ ਢੰਗ ਬਦਲ ਜਾਂਦਾ ਹੈ ਜੋ ਕਿ ਆਮ ਲੋਕਾਂ ਤੇ ਮੁਲਕ ਲਈ ਵਧੀਆ ਨਹੀਂ ਹੁੰਦਾ।

ਜਦੋਂ ਵਿਦੇਸ਼ਾਂ ਵਿੱਚ ਬੱਚੇ ਪੜ੍ਹਨ ਆਉਂਦੇ ਹਨ ਤਾਂ ਉਨ੍ਹਾਂ ਵਿੱਚੋਂ ਵੱਡੀ ਗਿਣਤੀ ਬਿਜਨੇਸ ਮੈਨੇਜਮੈਂਟ ਦੇ ਕੋਰਸ ਵਿੱਚ ਆਉਂਦੀ ਹੈ। ਪੜ੍ਹਾਈ ਤੋਂ ਬਾਦ ਉਨ੍ਹਾਂ ਕਿਸੇ ਬਿਜਨੇਸ ਦੇ ਮੈਨੇਜਰ ਹੋਣ ਦੇ ਨਾਤੇ ਕੰਪਨੀ ਦੀ ਵਾਂਗਡੋਰ ਸੰਭਾਲਣੀ ਹੁੰਦੀ ਹੈ। ਉਸ ਬਿਜਨੇਸ ਦੀ ਕਾਮਯਾਬੀ ਵੀ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਮੈਨੇਜਰ ਦੀ ਆਪਣੀ ਕਾਬਲੀਅਤ ਕੀ ਹੈ ? ਭਾਵ ਕੰਪਨੀ ਵਿੱਚ ਜਿਹੜੇ ਪ੍ਰਜੈਕਟ ਹੋਣੇ ਹਨ ਉਨ੍ਹਾਂ ਨੂੰ ਪੂਰੇ ਕਰਨ ਦੀ ਆਖਰੀ

ਮਿਤੀ ਪਹਿਲੇ ਦਿਨ ਤੋਂ ਹੀ ਤਹਿ ਕਰਨੀ ਮੈਨੇਜਰ ਵਾਸਤੇ ਜ਼ਰੂਰੀ ਹੁੰਦੀ ਹੈ। ਫਿਰ ਉਸ ਪ੍ਰੋਜੈਕਟ ਨੂੰ ਪੂਰਾ ਕਰਨ ਵਾਸਤੇ ਯੋਗ ਕਦਮ ਪੁੱਟਣੇ ਹੁੰਦੇ ਹਨ। ਜੇਕਰ ਮੈਨੇਜਰ ਆਪ ਆਪਣੇ ਕੰਮਾਂ ਵਿੱਚ ਅੰਤਿਮ ਮਿਤੀ ਨਿਯਤ ਨਹੀਂ ਕਰੇਗਾ ਤਾਂ ਸਾਰੇ ਕਾਮਿਆਂ ਨੂੰ ਵੀ ਉਹੀ ਆਦਤ ਹੋਵੇਗੀ। ਇਸ ਦੇ ਸਿੱਟੇ ਵਜੋਂ ਕੋਈ ਵੀ ਕੰਮ ਸਮੇਂ ਸਿਰ ਨਹੀਂ ਹੋਵੇਗਾ।

ਜੇਕਰ ਮੈਨੇਜਰ ਦੇ ਦਫ਼ਤਰ ਆਉਣ ਦਾ ਆਪਣਾ ਕੋਈ ਸਮਾਂ ਨਹੀਂ ਹੈ ਤਾਂ ਕੰਪਨੀ ਦੇ ਫੇਲ੍ਹ ਹੋਣ ਦਾ ਵੱਡਾ ਕਾਰਨ ਉਹ ਖੁਦ ਬਣਦਾ ਹੈ। ਪਹਿਲਾਂ ਮੈਨੇਜਰ ਦਫ਼ਤਰ ਦੇਰੀ ਨਾਲ ਆਵੇਗਾ ਫਿਰ ਉਸ ਨੂੰ ਦੇਖ ਕੇ ਕਾਮੇ ਦੇਰੀ ਨਾਲ ਆਉਣਗੇ ਅਤੇ ਫਿਰ ਗਾਹਕਾਂ ਦਾ ਕੰਮ ਦੇਰੀ ਨਾਲ ਹੋਵੇਗਾ ਜਿਸ ਦੀ ਵਜ੍ਹਾ ਕਰਕੇ ਗਾਹਕ ਹੋਰ ਥਾਂ ਤੇ ਜਾਣ ਵਾਰੇ ਸੋਚਣਗੇ ਜੋ ਕਿ ਕਾਰੋਬਾਰ ਵਾਸਤੇ ਖਤਰੇ ਵਾਲੀ ਗੱਲ ਹੈ।

ਗੋਰਿਆਂ ਦੇ ਕਾਰੋਬਾਰਾਂ ਵਿੱਚ ਤਕਰੀਬਨ ਹਰ ਕੰਮ ਦੀ ਅੰਤਿਮ ਮਿਤੀ ਤਹਿ ਹੁੰਦੀ ਹੈ। ਜੇਕਰ ਕਿਸੇ ਵਜ੍ਹਾ ਕਰਕੇ ਉਹ ਕੰਮ ਉਸ ਦਿਨ ਤੱਕ ਨਹੀਂ ਹੁੰਦਾ ਤਾਂ ਉਹ ਕੰਪਨੀ ਗਾਹਕ ਤੋਂ ਮਾਫੀ ਮੰਗਦੀ ਹੈ ਅਤੇ ਕਈ ਹਾਲਤਾਂ ਵਿੱਚ ਉਹ ਆਪਣੀ ਗਲਤੀ ਕਰਕੇ ਗਾਹਕ ਤੋਂ ਘੱਟ ਪੈਸੇ ਲੈਂਦੇ ਹਨ। ਉਦਾਹਰਣ ਦੇ ਤੌਰ ਤੇ ਮੈਂ ਇੱਕ ਮਸ਼ਹੂਰ ਫ੍ਰੈਂਚਾਇਜ ਵਿੱਚ ਕੌਫੀ ਖਰੀਦਣ ਗਿਆ। ਉਹ ਤਕਰੀਬਨ ਤਿੰਨ ਕੁ ਮਿੰਟ ਵਿੱਚ ਗਾਹਕ ਭੁਗਤਾਉਂਦੇ ਸਨ ਪਰ ਉਸ ਦਿਨ ਉਨ੍ਹਾਂ ਨੂੰ ਜਿਆਦਾ ਗਾਹਕ ਹੋਣ ਕਰਕੇ ਛੇ ਮਿੰਟ ਲੱਗੇ। ਉਨ੍ਹਾਂ ਮੈਨੂੰ ਕੌਫੀ ਦੇਣ ਵੇਲੇ ਮਾਫੀ ਮੰਗੀ ਅਤੇ ਕੌਫੀ ਦੇ ਮੁੱਲ ਦਾ ਇੱਕ ਵਾਉਚਰ ਦਿੱਤਾ ਤਾਂ ਕਿ ਮੈਂ ਅਗਲੀ ਵਾਰ ਉਥੋਂ ਮੁਫ਼ਤ ਕੌਫੀ ਪੀ ਸਕਾਂ। ਇਸ ਨਾਲ ਉਨ੍ਹਾਂ ਆਪਣਾ ਗਾਹਕ ਰੁਸਣ ਨਹੀਂ ਦਿੱਤਾ।

ਮੈਂ ਤਕਰੀਬਨ 17 ਕੁ ਸਾਲ ਦਾ ਹੀ ਸੀ ਜਦੋਂ ਪੰਜਾਬ ਵਿੱਚ ਆਪਣਾ ਛਾਪੇ ਖਾਨੇ ਦਾ ਕੰਮ ਖੋਲ੍ਹਿਆ। ਉਸ ਵਿੱਚ ਸ਼ੁਰੂ ਤੋਂ ਹੀ ਹਰ ਕੰਮ ਦੀ ਅੰਤਿਮ ਮਿਤੀ ਰੱਖੀ ਹੁੰਦੀ ਸੀ ਜਿਸ ਨੂੰ ਗਾਹਕ ਬਹੁਤ ਪਸੰਦ ਕਰਦੇ ਸੀ। ਇਸੇ ਕਰਕੇ ਸਾਡਾ ਕਾਰੋਬਾਰ ਕੁੱਝ ਮਹੀਨਿਆਂ ਵਿੱਚ ਹੀ ਕਾਫੀ ਵਧ ਗਿਆ ਅਤੇ ਸਾਨੂੰ ਆਪਣੀ ਸਰਵਿਸ ਦਿਨ ਰਾਤ ਕਰਨੀ ਪਈ।

ਨਿਊਜ਼ੀਲੈਂਡ ਵਿੱਚ ਵੀ ਤਕਰੀਬਨ 25 ਸਾਲ ਗੋਰਿਆਂ ਦੀਆਂ ਵੱਡੀਆਂ ਕੰਪਨੀਆਂ ਦੀ ਮੈਨੇਜਮੈਂਟ ਕੀਤੀ ਜਾਂ ਆਪਣੀਆਂ ਕੰਪਨੀਆਂ ਦੀ ਮੈਨੇਜਮੈਂਟ ਕੀਤੀ ਜਿਸ ਵਿੱਚ ਵੱਖ ਵੱਖ ਮੁਲਕਾਂ ਦੇ ਹਜ਼ਾਰਾਂ ਕਾਮਿਆਂ ਨੇ ਕੰਮ ਕੀਤਾ ਪਰ ਅਸੂਲ ਉਥੇ ਵੀ ਉਹੀ ਰੱਖਿਆ ਕਿ ਹਰ ਗਾਹਕ ਨੂੰ ਅੰਤਿਮ ਮਿਤੀ ਆਰਡਰ ਲੈਣ ਵੇਲੇ ਹੀ ਦੇ ਦਿੱਤੀ ਜਾਂਦੀ ਸੀ।
ਤੁਸੀਂ ਹੈਰਾਨ ਹੋਵੋਗੇ ਕਿ 25 ਸਾਲਾਂ ਵਿੱਚ ਇੱਕ ਵੀ ਕੰਮ ਕਦੇ ਵੀ ਦੇਰੀ ਨਾਲ ਨਹੀਂ ਹੋਇਆ ਬਲਕਿ ਬਹੁਤ ਹਾਲਤਾਂ ਵਿੱਚ ਮਿਥੇ ਸਮੇਂ ਤੋਂ ਪਹਿਲਾਂ ਹੋਇਆ। ਕਿਸੇ ਥਾਂ ਤੇ ਕਦੇ

ਵੀ ਮੈਂ ਦੇਰੀ ਨਾਲ ਨਹੀਂ ਪਹੁੰਚਿਆ ਅਤੇ ਕਿਸੇ ਨੇ ਕਦੇ ਵੀ ਮੇਰੀ ਉਡੀਕ ਨਹੀਂ ਕੀਤੀ।

ਇਨ੍ਹਾਂ ਸਾਲਾਂ ਵਿੱਚ ਕੰਪਨੀਆਂ ਦੇ ਕਾਮਿਆਂ ਨੂੰ ਲੱਖਾਂ ਤਨਖਾਹਾਂ ਮਿਲੀਆਂ ਅਤੇ ਲੱਖਾਂ ਕਾਰੋਬਾਰਾਂ ਦੇ ਬਿੱਲਾਂ ਦੀ ਅਦਾਇਗੀ ਹੋਈ ਪਰ ਉਨ੍ਹਾਂ ਵਿੱਚੋ ਇੱਕ ਵੀ ਕਦੇ ਲੇਟ ਨਹੀਂ ਹੋਇਆ ਸੀ।

ਸਮੇਂ ਤੋਂ ਪਹਿਲਾਂ ਕੰਮ ਹੋਣ ਦਾ ਇੱਕ ਹੋਰ ਫਾਇਦਾ ਇਹ ਹੁੰਦਾ ਸੀ ਕਿ ਸਾਨੂੰ ਹੋਰ ਜਿਆਦਾ ਗਾਹਕ ਮਿਲ ਜਾਂਦੇ ਸਨ ਜਾਂ ਇਹ ਕਹਿ ਸਕਦੇ ਹਾਂ ਕਿ ਅਸੀਂ ਆਪਣੀਆਂ ਸੇਵਾਵਾਂ ਹੋਰ ਗਾਹਕਾਂ ਤੱਕ ਪਹੁੰਚਾ ਦਿੰਦੇ ਸੀ ਜਿਸ ਨਾਲ ਕੰਪਨੀਆਂ ਦੀ ਆਮਦਨ ਵਧ ਜਾਂਦੀ ਸੀ।

ਇਸ ਕਰਕੇ ਆਪਣੇ ਤਜਰਬੇ ਨਾਲ ਦੱਸ ਸਕਦਾ ਹਾਂ ਕਿ ਕਿਸੇ ਵੀ ਕੰਮ ਵਾਸਤੇ ਉਸ ਨੂੰ ਖਤਮ ਕਰਨ ਦੀ ਅੰਤਿਮ ਮਿਤੀ ਤਹਿ ਕਰਨੀ ਪਹਿਲੇ ਦਿਨ ਹੀ ਜ਼ਰੂਰੀ ਹੁੰਦੀ ਹੈ ਅਤੇ ਬਾਦ ਵਿੱਚ ਉਸ ਕੰਮ ਨੂੰ ਸਮੇਂ ਸਿਰ ਸਿਰੇ ਚਾੜ੍ਹਨ ਦੀ ਨੀਤੀ ਤਿਆਰ ਕਰਨੀ ਜ਼ਰੂਰੀ ਹੁੰਦੀ ਹੈ। ਇਹ ਆਦਤ ਕਾਰੋਬਾਰ ਨੂੰ ਕਾਮਯਾਬ ਕਰਨ ਵਾਸਤੇ ਬਹੁਤ ਲਾਹੇਵੰਦ ਸਾਬਤ ਹੁੰਦੀ ਹੈ।

❖❖❖❖❖

## # 3

# ਪ੍ਰਾਪਰਟੀ ਮੈਨੇਜਰ ਦੀ ਇੰਟਰਵਿਊ ਜਾਂ ਪ੍ਰਾਪਰਟੀ ਮੈਨੇਜਰ ਕਿਵੇਂ ਚੁਣੀਏ?

## *ਨਿਊਜ਼ੀਲੈਂਡ 'ਚ ਆਪਣੇ ਤਜਰਬੇ ਤੇ ਅਧਾਰਤ*

ਦੁਨੀਆਂ ਵਿੱਚ ਭਾਰਤੀਆਂ ਦੀ ਗਿਣਤੀ ਮਿਹਨਤੀ ਇਨਸਾਨਾਂ ਵਿੱਚ ਆਉਂਦੀ ਹੈ। ਭਾਵੇਂ ਉਨ੍ਹਾਂ ਵਿੱਚੋਂ ਬਹੁਤਿਆਂ ਦੀ ਮਿਹਨਤ ਦੀ ਕਦਰ ਭਾਰਤ ਵਿੱਚ ਨਹੀਂ ਪੈਂਦੀ। ਇਸ ਵਿੱਚ ਉਥੇ ਦੀ ਸਰਕਾਰ ਸਾਫ ਤੌਰ ਤੇ ਜਿੰਮੇਂਵਾਰ ਹੈ ਜੋ ਭਾਰਤੀਆਂ ਵਾਸਤੇ ਸੁਖਾਵੇਂ ਕੰਮਾਂ ਕਾਰਾਂ ਦੇ ਹਲਾਤ ਜਾਂ ਨੌਕਰੀਆਂ ਪੈਦਾ ਨਹੀਂ ਕਰ ਸਕਦੀ। ਇਸ ਦੇ ਨਾਲ ਨਾਲ ਬੇਈਮਾਨੀ, ਰਿਸ਼ਵਤਖੋਰੀ, ਈਰਖਾ, ਦੂਜੇ ਦੀਆਂ ਲੱਤਾਂ ਖਿੱਚਣ ਦੀ ਆਦਤ ਅਤੇ ਦੇਸ਼ ਦੀ ਅਬਾਦੀ ਵੀ ਇਸ ਵਾਸਤੇ ਜਿੰਮੇਂਵਾਰ ਹੈ। ਸੜਕਾਂ ਤੇ ਵਧੀ ਹੋਈ ਭੀੜ ਅਤੇ ਸੜਕਾਂ ਤੇ ਪਏ ਹੋਏ ਟੋਏ ਵੀ ਹਰ ਕੰਮ ਵਿੱਚ ਦੇਰੀ ਕਰਦੇ ਹਨ। ਸਰਕਾਰ ਵਲੋਂ ਔਰਤਾਂ ਨੂੰ ਸੁਰੱਖਿਆ ਨਾ ਦਿੱਤੇ ਜਾ ਸਕਣ ਕਰਕੇ ਔਰਤਾਂ ਕੰਮਾਂ ਤੇ ਜਾਣੋਂ ਝਿਜਕਦੀਆਂ ਹਨ ਜਿਸ ਦੀ ਵਜ੍ਹਾ ਕਰਕੇ ਔਰਤਾਂ ਨੂੰ ਤਰੱਕੀ ਦੇ ਮੌਕੇ ਨਹੀਂ ਮਿਲ ਸਕਦੇ।

ਇਸ ਸਭ ਤੋਂ ਅੱਕ ਕੇ ਭਾਰਤੀ ਵਿਦੇਸ਼ਾਂ ਵੱਲ ਮੂੰਹ ਕਰਦੇ ਹਨ। ਨਿਊਜ਼ੀਲੈਂਡ ਵਰਗੇ ਮੁਲਕ ਵਿੱਚ ਪਹੁੰਚਣ ਤੋਂ ਬਾਦ ਭਾਰਤੀਆਂ ਦੀ ਪਹਿਲੀ ਇੱਛਾ ਪੱਕੇ ਹੋਣ ਅਤੇ ਵਧੀਆ ਨੌਕਰੀ ਲੱਭਣ ਦੀ ਹੁੰਦੀ ਹੈ ਜਿਸ ਵਿੱਚ ਕਾਫੀ ਲੋਕ ਕੁੱਝ ਸਾਲਾਂ ਦੇ ਸੰਘਰਸ਼ ਤੋਂ ਬਾਦ ਕਾਮਯਾਬੀ ਹਾਸਿਲ ਕਰ ਲੈਂਦੇ ਹਨ।

ਪੱਕੇ ਹੋਣ ਤੋਂ ਬਾਦ ਅਗਲਾ ਸੁਪਨਾ ਆਪਣਾ ਘਰ ਖਰੀਦਣ ਦਾ ਹੁੰਦਾ ਹੈ। ਜਦੋਂ ਪਤੀ ਪਤਨੀ ਦੋਨੋਂ ਵਧੀਆ ਨੌਕਰੀਆਂ ਕਰਦੇ ਹਨ ਤਾਂ ਘਰ ਖਰੀਦਣ ਵਾਸਤੇ ਬੈਂਕ ਕਰਜ਼ਾ ਦੇ ਦਿੰਦੀ ਹੈ। ਸਿਰਫ ਦਸ ਪ੍ਰਤੀਸ਼ਤ ਦੇ ਲਾਗੇ ਡਿਪੋਜ਼ਿਟ ਜਾਂ ਡਾਊਨ ਪੇਮੈਂਟ ਦੇ ਕੇ ਕਰਜ਼ਾ

ਮਿਲ ਜਾਂਦਾ ਹੈ।

ਥੋੜ੍ਹੇ ਸਾਲ ਘਰ ਦੀਆਂ ਕਿਸ਼ਤਾਂ ਲਾਹ ਕੇ ਅਤੇ ਕੁੱਝ ਹੋਰ ਪੈਸੇ ਜੋੜ ਕੇ ਭਾਰਤੀਆਂ ਵਿੱਚ ਵੱਡਾ ਘਰ ਖਰੀਦਣ ਦੀ ਇੱਛਾ ਜਾਗਦੀ ਹੈ। ਹੁਣ ਜੋੜੇ ਨੂੰ ਨਿਊਜ਼ੀਲੈਂਡ ਆਇਆਂ ਨੂੰ ਕੁੱਝ ਸਾਲ ਬੀਤ ਚੁੱਕੇ ਹਨ, ਪਹਿਲੇ ਘਰ ਦਾ ਲਿਆ ਕਰਜ਼ਾ ਵੀ ਕਿਸ਼ਤਾਂ ਦੇ ਕੇ ਕੁੱਝ ਘਟ ਗਿਆ ਅਤੇ ਉਨ੍ਹਾਂ ਦੀ ਤਨਖਾਹ ਵੀ ਪਹਿਲਾਂ ਨਾਲੋਂ ਵਧ ਗਈ ਹੈ। ਪਹਿਲੇ ਖਰੀਦੇ ਹੋਏ ਘਰ ਦੀ ਕੀਮਤ ਵੀ ਪਹਿਲਾਂ ਨਾਲੋਂ ਵਧ ਗਈ ਹੈ। ਕੁੱਝ ਸਾਲ ਸਮੇਂ ਸਿਰ ਕਿਸ਼ਤਾਂ ਦੇਣ ਨਾਲ ਬੈਂਕ ਵਾਲਿਆਂ ਨਾਲ ਵੀ ਵਧੀਆ ਰਿਕਾਰਡ ਬਣ ਗਿਆ ਹੈ ਅਤੇ ਵਾਕਫੀ ਹੋ ਗਈ ਹੈ। ਉਹ ਬੈਂਕ ਨਾਲ ਹੋਰ ਕਰਜ਼ਾ ਲੈਣ ਦੀ ਗੱਲ ਕਰਕੇ ਆਪਣੇ ਰਹਿਣ ਲਈ ਵੱਡਾ ਘਰ ਖਰੀਦ ਲੈਂਦੇ ਹਨ ਅਤੇ ਆਪਣਾ ਪਹਿਲਾਂ ਲਿਆ ਹੋਇਆ ਘਰ ਕਿਰਾਏ ਤੇ ਦੇਣ ਬਾਰੇ ਸੋਚਦੇ ਹਨ। ਆਪ ਕੰਮਾਂ ਕਾਰਾਂ ਵਿੱਚ ਰੁਝੇ ਹੋਣ ਕਰਕੇ ਉਨ੍ਹਾਂ ਨੂੰ ਕਿਰਾਏ ਵਾਲੇ ਘਰ ਦੀ ਦੇਖ ਭਾਲ ਕਰਨ ਵਾਸਤੇ ਪ੍ਰਾਪਰਟੀ ਮੈਨੇਜਰ ਦੀ ਲੋੜ ਪੈਂਦੀ ਹੈ। ਹੁਣ ਉਨ੍ਹਾਂ ਨੂੰ ਇਹ ਪਤਾ ਨਹੀਂ ਲਗਦਾ ਕਿ ਕਿਹੜਾ ਪ੍ਰਾਪਰਟੀ ਮੈਨੇਜਰ ਉਨ੍ਹਾਂ ਦੇ ਘਰ ਦੀ ਵਧੀਆ ਦੇਖ ਭਾਲ ਕਰੇਗਾ ? ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਪ੍ਰਾਪਰਟੀ ਮੈਨੇਜਰ ਵਿੱਚ ਕਿਹੜੇ ਗੁਣ ਦੇਖਣ ਦੀ ਲੋੜ ਹੁੰਦੀ ਹੈ ?

ਮੈਂ ਪਿਛਲੇ 21 ਸਾਲ ਤੋਂ ਆਪਣੇ ਘਰਾਂ ਦੀ ਮੈਨੇਜਮੈਂਟ ਕਰਦਾ ਆ ਰਿਹਾ ਹਾਂ ਜਿਸ ਵਿੱਚ ਵੱਖ ਵੱਖ ਇਲਾਕੇ ਵਿੱਚ ਵੱਖ ਵੱਖ ਪ੍ਰਾਪਰਟੀ ਮੈਨੇਜਰ ਘਰਾਂ ਦੀ ਦੇਖ ਭਾਲ ਵਾਸਤੇ ਰੱਖੇ ਹੋਏ ਹਨ। ਸਾਡੇ ਘਰ ਸਾਲ ਵਿੱਚ 51 ਹਫਤੇ ਤੋਂ ਵੱਧ ਕਿਰਾਏ ਤੇ ਚੜ੍ਹੇ ਰਹਿੰਦੇ ਹਨ। ਆਓ ਆਪਾਂ ਦੇਖੀਏ ਕਿ ਮਕਾਨ ਮਾਲਕ ਨੂੰ ਪ੍ਰਾਪਰਟੀ ਮੈਨੇਜਰ ਚੁਣਨ ਤੋਂ ਪਹਿਲਾਂ ਕਿਹੜੇ ਕਿਹੜੇ ਸਵਾਲ ਪ੍ਰਾਪਰਟੀ ਮੈਨੇਜਰ ਕੋਲੋਂ ਪੁੱਛਣੇ ਚਾਹੀਦੇ ਹਨ ?

✔ ਤੁਸੀਂ ਕਿੰਨੇ ਸਾਲ ਤੋਂ ਇਸ ਕੰਪਨੀ ਵਿੱਚ ਕੰਮ ਕਰਦੇ ਹੋ ?
✔ ਤੁਸੀਂ ਇਕੱਲੇ ਕਿੰਨੇ ਘਰਾਂ ਦੀ ਮੈਨੇਜਮੈਂਟ ਕਰਦੇ ਹੋ ? ਇੱਕ ਪ੍ਰਾਪਰਟੀ ਮੈਨੇਜਰ 100 ਜਾਂ 110 ਘਰਾਂ ਦੀ ਦੇਖ ਭਾਲ ਚੰਗੀ ਤਰਾਂ ਕਰ ਸਕਦਾ ਹੈ ਅਤੇ ਪਾਰਟ ਟਾਈਮ ਮੈਨੇਜਰ 50 ਘਰ ਦੇਖ ਸਕਦਾ ਹੈ।
✔ ਕੀ ਤੁਸੀਂ ਆਪ ਵੀ ਪ੍ਰਾਪਰਟੀ ਇਨਵੇਸਟਰ ਹੋ ? ਜੇ ਪ੍ਰਾਪਰਟੀ ਮੈਨੇਜਰ ਆਪ ਪ੍ਰਾਪਰਟੀ ਇਨਵੇਸਟਰ ਹੈ ਤਾਂ ਉਸ ਨੂੰ ਦੂਜੇ ਦੀ ਪ੍ਰਾਪਰਟੀ ਦੀ ਦੇਖ ਭਾਲ ਕਰਨ ਦਾ ਪਤਾ ਹੋ ਸਕਦਾ।
✔ ਫਾਇਨੈਂਸ਼ੀਅਲ ਸਟੇਟਮੈਂਟ ਜਾਂ ਅਕਾਉਂਟਿੰਗ ਵਾਲੇ ਵਿਅਕਤੀ ਦਾ ਤੁਹਾਡੇ ਦਫ਼ਤਰ ਵਿੱਚ ਕੀ ਤਜਰਬਾ ਹੈ ? ਵਧੀਆ ਸਟੇਟਮੈਂਟ ਤੁਹਾਡੇ ਅਕਾਉਂਟੈਂਟ ਦਾ ਕੰਮ ਸੌਖਾ ਕਰੇਗੀ ।
✔ ਇਸ ਇਲਾਕੇ ਵਿੱਚ ਤੁਸੀਂ ਕਿੰਨੇ ਸਾਲ ਤੋਂ ਨੌਕਰੀ ਕਰਦੇ ਹੋ ?

✔ ਇਸ ਇਲਾਕੇ ਵਿੱਚ ਔਸਤ ਕਿਰਾਇਆ ਕਿੰਨਾ ਹੈ ?

✔ ਇਸ ਇਲਾਕੇ ਵਿੱਚ ਸਾਲ ਵਿੱਚ ਕਿੰਨੇ ਹਫਤੇ ਕਿਰਾਏਦਾਰ ਮਿਲ ਜਾਂਦਾ ਹੈ ?

✔ ਤੁਸੀਂ ਰੈਂਟ ਰਿਵਿਊ ਕਿੰਨੇ ਚਿਰ ਬਾਦ ਕਰਦੇ ਹੋ ?

✔ ਇਸ ਇਲਾਕੇ ਵਿੱਚ ਲੋਕ ਜਿਆਦਾ ਕੰਮ ਕਰਦੇ ਹਨ ਜਾਂ ਸਰਕਾਰੀ ਭੱਤਾ ਲੈਂਦੇ ਹਨ ?

✔ ਕਿਰਾਏਦਾਰ ਦੀ ਚੋਣ ਵੇਲੇ ਕਿਰਾਏਦਾਰ ਦਾ ਕੀ ਕੀ ਰਿਕਾਰਡ ਦੇਖਦੇ ਹੋ ?

✔ ਪ੍ਰਾਪਰਟੀ ਦੀ ਇੰਸਪੈਕਸ਼ਨ ਕਿੰਨੇ ਚਿਰ ਬਾਦ ਕਰਦੇ ਹੋ ?

✔ ਤੁਹਾਡੇ ਕਿੰਨੇ ਘਰਾਂ ਦੇ ਕਿਰਾਏਦਾਰ ਕਿਰਾਇਆ ਦੇਣ ਲਈ ਪਿੱਛੇ ਰਹੇ ਹੋਏ ਹਨ ?

✔ ਕੀ ਤੁਸੀਂ ਵੀਕਐਂਡ ਜਾਂ ਪਬਲਿਕ ਛੁੱਟੀ ਵਾਲੇ ਦਿਨ ਫੋਨ ਚੁੱਕਦੇ ਹੋ ਜਾਂ ਨਹੀਂ ? ਜੇ ਨਹੀਂ ਤਾਂ ਛੁੱਟੀ ਵਾਲੇ ਦਿਨ ਕਿਸੇ ਹੋਰ ਨੂੰ ਫੋਨ ਚੁੱਕਣ ਦੀ ਡਿਊਟੀ ਲਗਾ ਕੇ ਜਾਂਦੇ ਹੋ ਜਾਂ ਨਹੀਂ ?

✔ ਤੁਹਾਡੇ ਸਾਲ ਵਿੱਚ ਕਿੰਨੇ ਕੇਸ ਟੇਨੈਂਸੀ ਟ੍ਰਿਬਿਊਨਲ ਵਿੱਚ ਜਾਂਦੇ ਹਨ ?

✔ ਟੈਨੈਂਸੀ ਟ੍ਰਿਬਿਊਨਲ ਵਿੱਚ ਗਏ ਕੇਸਾਂ ਵਿੱਚੋਂ ਤੁਹਾਨੂੰ ਕਿੰਨਿਆਂ ਕੇਸਾਂ ਵਿੱਚ ਕਾਮਯਾਬੀ ਮਿਲਦੀ ਹੈ ?

✔ ਜੇ ਕੋਈ ਕਿਰਾਏਦਾਰ ਕਿਰਾਇਆ ਨਹੀਂ ਦਿੰਦਾ ਤਾਂ ਕੀ ਕਰਦੇ ਹੋ ?

✔ ਸਾਲ ਵਿੱਚ ਕਿੰਨੇ ਹਫਤੇ ਕਿਰਾਏਦਾਰ ਘਰ ਵਿੱਚ ਰਹਿਣ ਨੂੰ ਮਿਲ ਜਾਂਦਾ ਹੈ ?

✔ ਪ੍ਰਾਪਰਟੀ ਮੈਨੇਜਰ ਤੋਂ ਦੂਜੇ ਮਕਾਨ ਮਾਲਕਾਂ ਦੇ ਦਿੱਤੇ ਹੋਏ ਰੈਫਰੈਂਸ ਲੈਟਰ ਦੇਖ ਸਕਦੇ ਹੋ।

✔ ਤੁਸੀਂ ਕਿਰਾਏ ਵਿੱਚੋਂ  ਕਿੰਨਾ ਕਮਿਸ਼ਨ ਲੈਂਦੇ ਹੋ ?

✔ ਕੀ ਤੁਸੀਂ ਕਿਰਾਏਦਾਰ ਲੱਭਣ ਦੀ ਫੀਸ ਲੈਂਦੇ ਹੋ ?

✔ ਕੀ ਤੁਸੀਂ ਪ੍ਰਾਪਰਟੀ ਦੀ ਇੰਸਪੈਕਸ਼ਨ ਫੀਸ ਲੈਂਦੇ ਹੋ ?

✔ ਕੀ ਤੁਸੀਂ ਟੈਨੈਂਸੀ ਟ੍ਰਿਬਿਊਨਲ ਵਿੱਚ ਜਾਣ ਦੀ ਫੀਸ ਲੈਂਦੇ ਹੋ ?

✔ ਕੀ ਤੁਸੀਂ ਇੰਸਪੈਕਸ਼ਨ ਵੇਲੇ ਸਮੋਕ ਅਲਾਰਮ ਟੈਸਟ ਕਰਦੇ ਹੋ ?

✔ ਘਰ ਖਾਲੀ ਹੋਣ ਵੇਲੇ ਤੁਸੀਂ ਕਿੱਥੇ ਕਿੱਥੇ ਐਡਵਰਟਾਈਜ਼ ਕਰਦੇ ਹੋ ?

✔ ਕੀ ਤੁਸੀਂ ਐਡਵਰਟਾਈਜ਼ ਦੀ ਫੀਸ ਘਰ ਦੇ ਮਾਲਕ ਕੋਲੋਂ ਲੈਂਦੇ ਹੋ ?

✔ ਤੁਹਾਡੀਆਂ ਪ੍ਰਾਪਰਟੀਆਂ ਸਾਲ ਵਿੱਚ ਕਿੰਨੇ ਹਫਤੇ ਕਿਰਾਏ ਤੇ ਚੜ੍ਹੀਆਂ ਰਹਿੰਦੀਆਂ ਹਨ ?

✔ ਜਿਹੜੀ ਰਿਪੇਅਰ ਤੁਸੀਂ ਕਰਾਉਂਦੇ ਹੋ ਕੀ ਤੁਸੀਂ ਉਸ ਉੱਪਰ ਆਪਣਾ ਕਮਿਸ਼ਨ ਲੈਂਦੇ ਹੋ ?

ਇਸ ਸਭ ਤੋਂ ਬਾਦ ਤੁਸੀਂ ਸੋਚਦੇ ਹੋਵੋਗੇ ਕਿ ਇੱਕ ਘਰ ਕਿਰਾਏ ਤੇ ਦੇਣ ਲਈ ਏਡੀ ਵੱਡੀ ਇੰਟਰਵਿਊ ? ਜੀ ਹਾਂ ਇਸ ਕੰਮ ਵਿੱਚ ਕਾਮਯਾਬੀ ਹਾਸਿਲ ਕਰਨ ਲਈ ਇਹ ਜ਼ਰੂਰੀ ਹੈ ਕਿਉਂਕਿ ਤੁਸੀਂ ਆਪਣਾ ਲੱਖਾਂ ਡਾਲਰਾਂ ਦਾ ਘਰ ਉਸ ਮੈਨੇਜਰ ਦੇ ਹਵਾਲੇ ਕਰਨਾ ਹੈ।

ਜਿਆਦਾ ਲੋਕ ਘਰਾਂ ਦੀ ਮੈਨੇਜਮੈਂਟ ਉਸ ਕੰਪਨੀ ਨੂੰ ਦੇ ਦਿੰਦੇ ਹਨ ਜੋ ਕਿਰਾਏ ਵਿੱਚੋਂ ਘੱਟ ਕਮਿਸ਼ਨ ਲੈਂਦੀ ਹੋਵੇ। ਜੇ ਕੋਈ ਕੰਪਨੀ 1% ਘੱਟ ਕਮਿਸ਼ਨ ਲੈਂਦੀ ਹੈ ਤਾਂ ਇਸ ਦਾ ਭਾਵ ਹੈ ਕਿ ਜੇ ਉਹ ਇੱਕ ਲੱਖ ਡਾਲਰ ਕਿਰਾਇਆ ਇਕੱਠਾ ਕਰਕੇ ਦੇਵੇ ਤਾਂ ਤੁਹਾਨੂੰ ਇੱਕ ਹਜ਼ਾਰ ਡਾਲਰ ਫਾਲਤੂ ਬਚੇਗਾ। ਜਿਆਦਾ ਘਰਾਂ ਦਾ ਕਿਰਾਇਆ ਸਾਲ ਦਾ $25,000 ਬਣਦਾ ਹੈ। ਇਸ ਦਾ ਭਾਵ ਹੈ ਕਿ 1% ਘੱਟ ਕਮਿਸ਼ਨ ਨਾਲ ਸਿਰਫ ਸਾਲ ਦਾ 250 ਡਾਲਰ ਦਾ ਫਰਕ ਪਵੇਗਾ ਜੋ ਕਿ ਬਹੁਤ ਘੱਟ ਹੈ ਪਰ ਜੇ ਉਸ ਕੰਪਨੀ ਦੀ ਮਾੜੀ ਸਰਵਿਸ ਕਰਕੇ ਘਰ 4 ਹਫਤੇ ਖਾਲੀ ਰਹਿ ਗਿਆ ਤਾਂ ਕਿਰਾਏ ਦਾ ਦੋ ਹਜ਼ਾਰ ਡਾਲਰ ਦਾ ਨੁਕਸਾਨ ਹੋ ਜਾਵੇਗਾ। ਇਸ ਤਰਾਂ ਕਈ ਵਾਰ ਸਸਤਾ ਪ੍ਰਾਪਰਟੀ ਮੈਨੇਜਰ ਮਹਿੰਗਾ ਪੈ ਜਾਂਦਾ ਹੈ।

*ਨੋਟ :- ਇਹ ਆਰਟੀਕਲ ਆਪਣੇ ਤਜਰਬੇ ਤੇ ਅਧਾਰਤ ਲਿਖਿਆ ਗਿਆ ਹੈ।*

❖❖❖❖❖

# # 4

# ਨਿਊਜ਼ੀਲੈਂਡ 'ਚ ਵੋਟਾਂ ਦਾ ਮਾਹੌਲ ਅਤੇ ਘਰਾਂ ਦੀਆਂ ਚੜ੍ਹ ਰਹੀਆਂ ਕੀਮਤਾਂ

## *ਪਹਿਲਾ ਘਰ ਖਰੀਦਣ ਵਾਲੇ ਫਿਕਰਾਂ 'ਚ*

ਨਿਊਜ਼ੀਲੈਂਡ ਵਿੱਚ ਵੋਟਾਂ ਦਾ ਮਹੌਲ ਖਤਮ ਹੋਣ ਵਿੱਚ ਦੋ ਦਿਨ ਦਾ ਸਮਾਂ ਬਾਕੀ ਰਹਿ ਗਿਆ ਹੈ। ਸਾਰੀਆਂ ਪਾਰਟੀਆਂ ਵਲੋਂ ਲੋਕਾਂ ਨਾਲ ਵੱਖ ਵੱਖ ਵਾਅਦੇ ਕੀਤੇ ਜਾ ਰਹੇ ਹਨ ਅਤੇ ਲੋਕਾਂ ਨੂੰ ਨਵੀਆਂ ਆਸਾਂ ਦਿਤੀਆਂ ਜਾ ਰਹੀਆਂ ਹਨ।

ਜਦੋਂ ਕਿਤੇ ਕੋਈ ਸਰਕਾਰ ਨੂੰ ਪੁੱਛ ਲਵੇ ਕਿ ਪਹਿਲੇ ਕੀਤੇ ਵਾਅਦਿਆਂ ਵਿੱਚ ਸਰਕਾਰ ਫੇਲ੍ਹ ਕਿਉਂ ਹੋਈ ਤਾਂ ਵੀ ਆਪਣੀ ਨਾਕਾਮਯਾਬੀ ਨੂੰ ਸਿੱਧੇ ਲਫ਼ਜ਼ਾਂ ਵਿੱਚ ਸਵੀਕਾਰ ਨਹੀਂ ਕੀਤਾ ਜਾਂਦਾ। ਇਹ ਟੈਲੀਵੀਜਨ ਤੇ ਲਾਈਵ ਡਿਬੇਟ ਵਿੱਚ ਵੀ ਦੇਖਿਆ ਗਿਆ।

ਇਸ ਸਮੇਂ ਨਿਊਜ਼ੀਲੈਂਡ ਵਿੱਚ ਲੇਬਰ ਪਾਰਟੀ, ਨਿਊਜ਼ੀਲੈਂਡ ਫਸਟ ਅਤੇ ਗ੍ਰੀਨ ਪਾਰਟੀ ਦੀ ਸਾਂਝੀ ਸਰਕਾਰ ਚੱਲ ਰਹੀ ਹੈ। ਇਸ ਸਰਕਾਰ ਤੋਂ ਪਹਿਲਾਂ ਨੈਸ਼ਨਲ ਸਰਕਾਰ ਨੇ 9 ਸਾਲ ਰਾਜ ਕੀਤਾ ਸੀ।

ਲੇਬਰ ਸਰਕਾਰ ਨੇ ਕੀਵੀ ਬਿਲਡ ਪ੍ਰੋਗਰਾਮ ਤਹਿਤ ਘੱਟ ਆਮਦਨ ਵਾਲਿਆਂ ਨੂੰ ਹਜ਼ਾਰਾਂ ਸਸਤੇ ਘਰ ਬਣਾ ਕੇ ਦੇਣ ਦਾ ਵਾਅਦਾ ਕੀਤਾ ਸੀ ਪਰ ਲੇਬਰ ਸਰਕਾਰ ਦੀ ਇਹ ਸਕੀਮ ਛੇ ਸੌ ਤੋਂ ਘੱਟ ਘਰ ਬਣਾ ਕੇ ਹੀ ਅਸਫਲ ਹੋ ਗਈ ਸੀ। ਇਹ ਸਭ ਤੋਂ ਵੱਡਾ ਪਬਲਿਕ ਪਾਲਿਸੀ ਫੇਲੀਅਰ ਸੀ। ਇਸ ਦਾ ਕੋਈ ਹੋਰ ਬਦਲ ਲੇਬਰ ਸਰਕਾਰ ਨਹੀਂ ਦੇ ਸਕੀ। ਉਹ ਲੋਕ ਜੋ ਸਰਕਾਰ ਦੇ ਬਣਾਏ ਸਸਤੇ ਘਰਾਂ ਨੂੰ ਖਰੀਦਣ ਦੀ ਆਸ ਵਿੱਚ ਸਨ ਉਨ੍ਹਾਂ ਦੇ ਸੁਪਨੇ ਚਕਨਾ ਚੂਰ ਹੋਏ। ਹੁਣ ਘਰ ਹੋਰ ਵੀ ਮਹਿੰਗੇ ਹੋ ਗਏ ਹਨ। ਭਾਵ ਜੇ ਸਰਕਾਰ ਦੀ

ਸਕੀਮ ਸਸਤੇ ਸਮੇਂ ਵਿੱਚ ਅਸਫਲ ਰਹੀ ਤਾਂ ਕੀ ਉਹ ਆਉਣ ਵਾਲੇ ਸਮੇਂ ਵਿੱਚ ਕਾਮਯਾਬ ਹੋਵੇਗੀ? ਇਸ ਦੀ ਆਸ ਮੈਨੂੰ ਤਾਂ ਨਹੀਂ ਹੈ ਕਿਉਂਕਿ ਘਰ ਕੋਈ ਏਦਾਂ ਦੀ ਚੀਜ਼ ਨਹੀਂ ਹੈ ਕਿ ਇਸ ਨੂੰ ਰਾਤੋ ਰਾਤ ਖੜ੍ਹਾ ਕੀਤਾ ਜਾ ਸਕੇ। ਘਰ ਨੂੰ ਬਣਾਉਣ ਵਾਸਤੇ ਕਾਫੀ ਵੱਡੀ ਪਲਾਨਿੰਗ ਦੀ ਲੋੜ ਹੁੰਦੀ ਹੈ। ਉਹ ਵੀ ਉਸ ਵੇਲੇ ਜਦੋਂ ਹਜ਼ਾਰਾਂ ਲੋਕਾਂ ਨੂੰ ਘਰਾਂ ਦੀ ਲੋੜ ਹੋਵੇ ਅਤੇ ਘਰਾਂ ਦੀ ਘਾਟ ਹਰ ਸਾਲ ਵਧਦੀ ਰਹੀ ਹੋਵੇ।

ਨੈਸ਼ਨਲ ਸਰਕਾਰ ਵੇਲੇ ਜਦੋਂ ਸਾਰੀ ਦੁਨੀਆਂ ਤੇ ਮੰਦੀ ਆਈ ਸੀ ਤਾਂ ਵੀ ਨਿਊਜ਼ੀਲੈਂਡ ਤੇ ਬਹੁਤ ਜਿਆਦਾ ਮਾੜਾ ਪ੍ਰਭਾਵ ਨਹੀਂ ਪਿਆ ਸੀ। ਨੈਸ਼ਨਲ ਸਰਕਾਰ ਵੇਲੇ ਕ੍ਰਿਸਚਰਚ ਸ਼ਹਿਰ ਭੁਚਾਲ ਨਾਲ ਢੱਠਾ ਫਿਰ ਵੀ ਸਭ ਕੁੱਝ ਠੀਕ ਰਿਹਾ ਅਤੇ ਕੀਵੀ ਫਰੂਟ ਵਿੱਚ PSA ਵਰਗੇ ਬੈਕਟੀਰੀਆ ਨੇ ਤਬਾਹੀ ਮਚਾਈ। ਉਸ ਦੇ ਬਾਵਜੂਦ ਮੁਲਕ ਠੀਕ ਠਾਕ ਚੱਲਦਾ ਰਿਹਾ।

ਹੁਣ ਲੇਬਰ ਸਰਕਾਰ ਵੇਲੇ ਕਰੋਨਾ ਵਾਇਰਸ ਆਇਆ ਤਾਂ ਇਸ ਨਾਲ ਹੀ ਬਹੁਤੇ ਲੋਕਾਂ ਅਤੇ ਕਾਰੋਬਾਰਾਂ ਦੀ ਸਥਿਤੀ ਡਾਵਾਂਡੋਲ ਹੋ ਗਈ। ਇਥੇ ਦੋ ਮੁੱਖ ਪਾਰਟੀਆਂ ਹਨ। ਇੱਕ ਲੇਬਰ ਅਤੇ ਦੂਜੀ ਨੈਸ਼ਨਲ। ਲੇਬਰ ਨੂੰ ਕਾਮਿਆਂ ਦੀ ਪਾਰਟੀ ਮੰਨਿਆ ਜਾਂਦਾ ਹੈ ਅਤੇ ਨੈਸ਼ਨਲ ਨੂੰ ਕਾਰੋਬਾਰੀਆਂ ਦੀ। ਭਾਰਤੀ ਸਮਾਜ ਦੋਨਾਂ ਪਾਰਟੀਆਂ ਵਿੱਚ ਵੰਡਿਆ ਹੋਇਆ ਹੈ। ਜਿਆਦਾ ਪੰਜਾਬੀ ਲੋਕਾਂ ਨਾਲ ਗੱਲਬਾਤ ਤੋਂ ਪਤਾ ਲਗਦਾ ਹੈ ਕਿ ਉਹ ਨੈਸ਼ਨਲ ਪਾਰਟੀ ਨੂੰ ਪਸੰਦ ਕਰਦੇ ਹਨ। ਇਸ ਦਾ ਕਾਰਨ ਇਹ ਵੀ ਹੈ ਕਿ ਪੰਜਾਬੀਆਂ ਨੇ ਵੱਡੀ ਗਿਣਤੀ ਵਿੱਚ ਆਪਣੇ ਕਾਰੋਬਾਰ ਖੋਲ੍ਹ ਲਏ ਹਨ ਅਤੇ ਉਹ ਆਪਣੇ ਆਪ ਨੂੰ ਦਿਹਾੜੀਦਾਰਾਂ ਵਿੱਚ ਸ਼ਾਮਿਲ ਨਹੀਂ ਕਰਦੇ। ਕਈ ਦਿਹਾੜੀਦਾਰ ਪੰਜਾਬੀ ਵੀ ਕਹਿੰਦੇ ਹਨ ਕਿ ਅਸੀਂ ਨੈਸ਼ਨਲ ਨੂੰ ਹੀ ਵੋਟ ਪਾਉਣੀ ਹੈ। ਜਦੋਂ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਕਿਉਂ ? ਉਨ੍ਹਾਂ ਦਾ ਜਵਾਬ ਸੀ ਕਿ ਉਹ ਵੀ ਛੇਤੀਂ ਕਾਰੋਬਾਰੀ ਬਣਨਾ ਚਾਹੁੰਦੇ ਹਨ ਦਿਹਾੜੀਦਾਰ ਨਹੀਂ ਰਹਿਣਾ ਚਾਹੁੰਦੇ।

ਲਗਦਾ ਨੈਸ਼ਨਲ ਅਤੇ ਲੇਬਰ ਇਕੱਲਿਆਂ ਸਰਕਾਰ ਨਹੀਂ ਬਣਾ ਸਕਣਗੀਆਂ। ਉਨ੍ਹਾਂ ਨੂੰ ਕਿਸੇ ਹੋਰ ਪਾਰਟੀ ਦੇ ਸਹਿਯੋਗ ਦੀ ਲੋੜ ਪਵੇਗੀ। ਲੇਬਰ ਨੂੰ ਦੁਬਾਰਾ ਗ੍ਰੀਨ ਪਾਰਟੀ ਦੀ ਲੋੜ ਪੈ ਸਕਦੀ ਹੈ। ਗ੍ਰੀਨ ਪਾਰਟੀ ਵੈਲਥ ਟੈਕਸ (Wealth Tax) ਲਗਾਉਣਾ ਚਾਹੁੰਦੀ ਹੈ। ਭਾਵ ਜਿਸ ਕੋਲ ਇੱਕ ਮਿਲੀਅਨ ਡਾਲਰ ਦਾ ਘਰ ਹੈ ਉਸ ਉੱਪਰ ਇੱਕ ਪ੍ਰਤੀਸ਼ਤ ਟੈਕਸ ਲੱਗੇਗਾ ਅਤੇ ਜਿਸ ਕੋਲ ਦੋ ਮਿਲੀਅਨ ਤੋਂ ਉੱਪਰ ਦਾ ਘਰ ਹੈ ਉਸ ਨੂੰ 2% ਟੈਕਸ ਲੱਗੇਗਾ। ਗ੍ਰੀਨ ਪਾਰਟੀ ਨੇ ਸਾਫ ਕਿਹਾ ਹੈ ਕਿ ਉਹ ਆਪਣੀ ਇਸ ਪਾਲਿਸੀ ਨੂੰ ਲਾਗੂ ਕਰਾਉਣਗੇ।

ਜੇ ਇਹ ਵੈਲਥ ਟੈਕਸ ਪਾਲਿਸੀ ਲਾਗੂ ਹੁੰਦੀ ਹੈ ਤਾਂ ਬਹੁਤੇ ਪੰਜਾਬੀਆਂ ਦੇ ਘਰ ਔਕਲੈਂਡ ਵਿੱਚ ਮਿਲੀਅਨ ਡਾਲਰ ਤੋਂ ਉੱਪਰ ਦੇ ਹਨ ਅਤੇ ਕਈਆਂ ਕੋਲ ਘਰਾਂ ਦੀ ਗਿਣਤੀ ਇੱਕ ਤੋਂ ਵੱਧ ਹੋਣ ਕਰਕੇ ਉਨ੍ਹਾਂ ਉੱਪਰ ਇਹ ਟੈਕਸ ਲਾਗੂ ਹੋਵੇਗਾ। ਭਾਵ ਇੱਕ ਮਿਲੀਅਨ ਵਾਲੇ ਨੂੰ $10,000 ਟੈਕਸ ਲੱਗੇਗਾ ਅਤੇ ਦੋ ਮਿਲੀਅਨ ਵਾਲੇ ਨੂੰ ਹੋਰ ਵੀ ਜਿਆਦਾ।

ਹੁਣ ਕੁੱਝ ਲੋਕ ਇਸ ਵੈਲਥ ਟੈਕਸ ਨੂੰ ਚੰਗਾ ਕਹਿੰਦੇ ਹਨ ਅਤੇ ਕੁੱਝ ਬੁਰਾ। ਮੈਂ ਸੋਚਦਾ ਹਾਂ ਕਿ ਕਦੇ ਵੀ ਕਿਸੇ ਚੀਜ਼ ਤੇ ਟੈਕਸ ਲਗਾਓ ਤਾਂ ਉਹ ਚੀਜ਼ ਸਸਤੀ ਨਹੀਂ ਹੁੰਦੀ ਪਰ ਮਹਿੰਗੀ ਹੋ ਜਾਂਦੀ ਹੈ। ਇਸ ਕਰਕੇ ਮੇਰੀ ਸੋਚ ਮੁਤਾਬਕ ਸਰਕਾਰ ਦਾ ਲੋਕਾਂ ਨੂੰ ਸਸਤੇ ਘਰ ਦੇਣ ਦਾ ਸੁਪਨਾ ਸਿਰਫ ਸੁਪਨਾ ਹੀ ਰਹੇਗਾ। ਘਰ ਜੋ ਪਹਿਲਾਂ ਹੀ ਮਹਿੰਗੇ ਹਨ ਉਨ੍ਹਾਂ ਉੱਪਰ ਇੱਕ ਨਵਾਂ ਟੈਕਸ ਲਾ ਕੇ ਹੋਰ ਮਹਿੰਗੇ ਕਰ ਦੇਣਾ ਮੈਨੂੰ ਤਾਂ ਲੋਕ ਪੱਖੀ ਨਹੀਂ ਲਗਦਾ। ਭਾਰਤੀ ਖੁਦ ਫੈਸਲਾ ਕਰ ਸਕਦੇ ਹਨ ਕਿ ਉਹ ਵੈਲਥ ਟੈਕਸ ਲੈਣ ਵਾਲੀ ਸਰਕਾਰ ਚਾਹੁੰਦੇ ਹਨ ਜਾਂ ਦੂਜੀ।

ਜਿਸ ਵੇਲੇ ਪਰਵਾਸੀ ਭਾਰਤੀ ਨਿਊਜ਼ੀਲੈਂਡ ਆਉਂਦੇ ਹਨ ਤਾਂ ਪੱਕੇ ਹੋਣ ਤੋਂ ਬਾਦ ਉਨ੍ਹਾਂ ਦਾ ਸਭ ਤੋਂ ਵੱਡਾ ਟੀਚਾ ਘਰ ਖਰੀਦਣ ਦਾ ਹੁੰਦਾ ਹੈ। ਘਰਾਂ ਦੀਆਂ ਕੀਮਤਾਂ ਦੇ ਲਗਾਤਾਰ ਵਾਧੇ ਕਾਰਨ ਉਨ੍ਹਾਂ ਦਾ ਇਹ ਸੁਪਨਾ ਪੂਰਾ ਹੁੰਦਾ ਨਜ਼ਰ ਨਹੀਂ ਆਉਂਦਾ।

ਆਓ ਦੇਖਦੇ ਹਾਂ ਕਿ ਨਿਊਜ਼ੀਲੈਂਡ ਵਿੱਚ ਘਰਾਂ ਦੀਆਂ ਕੀਮਤਾਂ ਆਰਥਿਕ ਮੰਦੀ ਦੇ ਦੌਰ ਵਿੱਚ ਵੀ ਕਿਉਂ ਵੱਧ ਰਹੀਆਂ ਹਨ ?

✔ ਨਿਊਜ਼ੀਲੈਂਡ ਵਿੱਚ ਘਰਾਂ ਦੀ ਸਪਲਾਈ ਕਈ ਸਾਲਾਂ ਤੋਂ ਘੱਟ ਚੱਲ ਰਹੀ ਹੈ। ਭਾਵ ਜਿਸ ਤਰਾਂ ਇਥੇ ਅਬਾਦੀ ਵਧੀ ਉਸ ਹਿਸਾਬ ਨਾਲ ਘਰ ਘੱਟ ਬਣਾਏ ਗਏ।

✔ ਜਿਹੜੇ ਵਿਦੇਸ਼ਾਂ ਤੋਂ ਬੱਚੇ ਪੜ੍ਹਨ ਆਏ ਅਤੇ ਪੱਕੇ ਹੋ ਗਏ। ਉਨ੍ਹਾਂ ਫਿਰ ਆਪਣੇ ਮੁਲਕਾਂ ਵਿੱਚੋਂ ਆਪਣੇ ਪਾਰਟਨਰ ਨੂੰ ਨਿਊਜ਼ੀਲੈਂਡ ਬੁਲਾਇਆ ਅਤੇ ਇਸ ਨਾਲ ਉਨ੍ਹਾਂ ਨੂੰ ਵੱਖਰੇ ਘਰ ਦੀ ਲੋੜ ਪੈਣ ਨਾਲ ਵੀ ਮੰਗ ਵਧੀ।

✔ ਘਰਾਂ ਦਾ ਵਿਆਜ ਘਟਣ ਨਾਲ ਜਿਆਦਾ ਲੋਕ ਘਰ ਖਰੀਦਣ ਲੱਗ ਪਏ। ਇਸ ਨਾਲ ਮੰਗ ਹੋਰ ਵਧੀ।

✔ ਰਿਜਰਵ ਬੈਂਕ ਨੇ ਬੈਂਕਾਂ ਉਤੇ ਲਗਾਈਆਂ ਹੋਈਆਂ ਪਬੰਧੀਆਂ ਹਟਾ ਲਈਆਂ ਜਿਸ ਨਾਲ ਬਹੁਤ ਵੱਡੀ ਗਿਣਤੀ ਵਿੱਚ ਇਨਵੇਸਟਰਾਂ ਨੂੰ ਕਰਜ਼ਾ ਸੌਖਾ ਮਿਲਣ ਨਾਲ ਵੀ ਘਰਾਂ ਦੀ ਮੰਗ ਵਧੀ। ਇਹ ਕਰਨ ਨਾਲ ਇਨਵੇਸਟਰਾਂ ਨੂੰ ਸਿਰਫ 20% ਡਿਪੋਸਿਟ ਦੀ ਹੀ ਲੋੜ ਪੈਂਦੀ ਹੈ ਜਦਕਿ ਪਹਿਲਾਂ 30% ਡਿਪੋਸਿਟ ਹੁੰਦਾ ਸੀ।

- ✔ ਜਿਹੜੇ ਲੋਕੀਂ ਆਪਣਾ ਪੈਸਾ ਬੈਂਕਾਂ ਵਿੱਚ ਰੱਖਿਆ ਹੋਇਆ ਸੀ ਉਸ ਦਾ ਵਿਆਜ ਘਟ ਕੇ 1.25% ਹੀ ਰਹਿ ਗਿਆ। ਲੋਕਾਂ ਉਹ ਪੈਸੇ ਘਰ ਖਰੀਦਣ ਵਿੱਚ ਵਰਤਣੇ ਸ਼ੁਰੂ ਕਰ ਦਿੱਤੇ ਅਤੇ ਘਰਾਂ ਦੀ ਇਸ ਨਾਲ ਮੰਗ ਹੋਰ ਵਧੀ।
- ✔ ਕਰੋਨਾ ਦੀ ਵਜ੍ਹਾ ਕਰਕੇ ਲੋਕ ਹੋਰ ਕਾਰੋਬਾਰਾਂ ਵਿੱਚ ਪੈਸਾ ਲਗਾਉਣੋਂ ਘਟੇ ਅਤੇ ਉਨ੍ਹਾਂ ਪੈਸਾ ਘਰਾਂ ਦੀ ਖਰੀਦ ਤੇ ਲਗਾਉਣਾ ਸ਼ੁਰੂ ਕਰ ਦਿੱਤਾ ਜਿਸ ਨਾਲ ਮੰਗ ਹੋਰ ਵਧੀ।
- ✔ ਜਿਹੜੇ ਕੀਵੀ ਵਿਦੇਸ਼ਾਂ ਵਿੱਚ ਰਹਿੰਦੇ ਸੀ ਉਨ੍ਹਾਂ ਵਿੱਚੋਂ ਕਈਆਂ ਨੇ ਨਿਊਜ਼ੀਲੈਂਡ ਵਿੱਚ ਆ ਕੇ ਰਹਿਣ ਦਾ ਫੈਸਲਾ ਕਰ ਲਿਆ ਜਿਸ ਨਾਲ ਘਰਾਂ ਦੀ ਮੰਗ ਹੋਰ ਵਧੀ।
- ✔ ਨਿਊਜ਼ੀਲੈਂਡ ਦੇ ਲੋਕ ਜਿਹੜੇ ਵਿਦੇਸ਼ਾਂ ਵਿੱਚ ਹਰ ਸਾਲ ਘੁੰਮਣ ਜਾਂਦੇ ਹੁੰਦੇ ਸੀ ਅਤੇ 40 ਜਾਂ 50 ਹਜ਼ਾਰ ਡਾਲਰ ਹਰ ਸਾਲ ਖਰਚ ਕੇ ਆਉਂਦੇ ਸੀ। ਉਹ ਕਰੋਨਾ ਕਰਕੇ ਵਿਦੇਸ਼ ਨਹੀਂ ਜਾ ਸਕੇ ਅਤੇ ਉਨ੍ਹਾਂ ਉਹ ਪੈਸਾ ਘਰ ਖਰੀਦਣ ਵਿੱਚ ਵਰਤ ਲਿਆ ਜਿਸ ਨਾਲ ਘਰਾਂ ਦੀ ਮੰਗ ਹੋਰ ਵੱਧ ਗਈ।
- ✔ ਜਿਹੜੇ ਲੋਕ ਸਰਕਾਰ ਤੋਂ ਸਸਤੇ ਘਰਾਂ ਦੀ ਆਸ ਲਗਾਈ ਬੈਠੇ ਸੀ ਉਨ੍ਹਾਂ ਆਸ ਮੁਕਾ ਕੇ ਆਪ ਹੀ ਘਰ ਖਰੀਦਣੇ ਸ਼ੁਰੂ ਕਰ ਦਿੱਤੇ ਜਿਸ ਨਾਲ ਘਰਾਂ ਦੀ ਮੰਗ ਵਧੀ। ਵਿਆਜ ਘੱਟ ਹੋਣ ਕਰਕੇ ਉਨ੍ਹਾਂ ਨੂੰ ਕਰਜ਼ਾ ਵੀ ਅਰਾਮ ਨਾਲ ਮਿਲ ਰਿਹਾ ਹੈ।
- ✔ ਵਿਆਜ ਘਟਣ ਨਾਲ ਘਰ ਦੀ ਕਿਸ਼ਤ ਘਰ ਦੇ ਕਿਰਾਏ ਨਾਲੋਂ ਵੀ ਘੱਟ ਹੈ ਇਸ ਕਰਕੇ ਹੋਰ ਲੋਕਾਂ ਦੀ ਦਿਲਚਸਪੀ ਘਰ ਖਰੀਦਣ ਵਿੱਚ ਵਧੀ।
- ✔ ਘਰਾਂ ਦੀ ਕੀਮਤ ਵਧਣ ਨਾਲ ਲੋਕ ਡਰ ਗਏ ਕਿ ਜੇ ਘਰ ਹੁਣ ਨਾ ਖਰੀਦ ਹੋਇਆ ਤਾਂ ਸ਼ਾਇਦ ਫਿਰ ਕਦੇ ਵੀ ਖਰੀਦ ਨਾ ਹੋਵੇ ਜਿਸ ਕਰਕੇ ਉਨ੍ਹਾਂ ਘਰ ਕਾਹਲੀ ਕਾਹਲੀ ਲੈਣੇ ਸ਼ੁਰੂ ਕਰ ਦਿੱਤੇ ਅਤੇ ਮੰਗ ਵਧੀ।
- ✔ ਲੌਕ ਡੌਨ ਦੌਰਾਨ ਸਭ ਨੇ ਘੱਟ ਖਰਚਾ ਕੀਤਾ ਅਤੇ ਪੈਸੇ ਵੱਧ ਬਚਾਏ। ਉਸ ਪੈਸੇ ਨੂੰ ਵੀ ਘਰ ਖਰੀਦਣ ਲਈ ਵਰਤਿਆ ਜਾਣ ਲੱਗਾ।
- ✔ ਲੌਕ ਡੌਨ ਕਰਕੇ ਸਾਰੇ ਘਰਾਂ ਵਿੱਚ ਰਹੇ ਅਤੇ ਉਨ੍ਹਾਂ ਨੂੰ ਘਰ ਖਰੀਦਣ ਵਾਸਤੇ ਪਲਾਨਿੰਗ ਕਰਨ ਦਾ ਸਮਾਂ ਮਿਲਿਆ।
- ✔ ਵਿਕਰੀ ਵਾਲੇ ਘਰਾਂ ਦੀ ਘਾਟ ਹੋਣ ਕਰਕੇ ਵੀ ਕੀਮਤ ਵਿੱਚ ਵਾਧਾ ਹੋਇਆ।
- ✔ ਘਰ ਮਹਿੰਗੇ ਹੋਣ ਕਰਕੇ ਜਿਨ੍ਹਾਂ ਲੋਕਾਂ ਨੇ ਘਰ ਖਰੀਦਣ ਦੀ ਆਸ ਛੱਡ ਦਿੱਤੀ ਸੀ ਉਹ ਵੀ ਵਿਆਜ ਘਟਣ ਨਾਲ ਵਾਪਸ ਮਾਰਕੀਟ ਵਿੱਚ ਆ ਗਏ ਜਿਸ ਨਾਲ ਮੰਗ ਵਧੀ।
- ✔ ਹੋਰ ਨਿਊਜ਼ੀਲੈਂਡ ਦੇ ਡਾਲਰ ਛਾਪਣ ਨਾਲ ਲੋਕਾਂ ਨੂੰ ਲੱਗਣ ਲੱਗ ਪਿਆ ਕਿ ਘਰਾਂ ਦੀਆਂ ਕੀਮਤਾਂ ਹੋਰ ਵਧ ਜਾਣਗੀਆਂ। ਇਸ ਕਰਕੇ ਲੋਕਾਂ ਘਰ ਜਲਦੀ ਜਲਦੀ ਖਰੀਦਣੇ ਸ਼ੁਰੂ ਕਰ ਦਿੱਤੇ।

ਉੱਪਰ ਦਿੱਤੇ ਕਾਰਨਾਂ ਕਰਕੇ ਘਰਾਂ ਦੀਆਂ ਕੀਮਤਾਂ ਵਧ ਰਹੀਆਂ ਹਨ।

ਇਸ ਲੇਖ ਲਿਖਣ ਦਾ ਮਕਸਦ ਪਾਠਕਾਂ ਨੂੰ ਸਰਕਾਰਾਂ ਅਤੇ ਘਰਾਂ ਬਾਰੇ ਆਪਣੇ ਤਜਰਬੇ ਮੁਤਾਬਕ ਜਾਣਕਾਰੀ ਦੇਣਾ ਹੀ ਹੈ। ਇਸ ਲੇਖ ਦੇ ਜਰੀਏ ਮੈਂ ਕਿਸੇ ਵੀ ਪਾਰਟੀ ਨੂੰ ਵੋਟ ਪਾਉਣ ਜਾਂ ਨਾ ਪਾਉਣ ਲਈ ਨਹੀਂ ਕਹਿ ਰਿਹਾ। ਮਰਜ਼ੀ ਨਾਲ ਵੋਟ ਪਾਉਣਾ ਤੁਹਾਡਾ ਹੱਕ ਹੈ ਜਿਸ ਨੂੰ ਜ਼ਰੂਰ ਵਰਤੋ ਪਰ ਹੋਸ਼ ਨਾਲ। ਮੈਂ ਨਾ ਹੀ ਘਰ ਖਰੀਦਣ ਜਾਂ ਨਾ ਖਰੀਦਣ ਦੀ ਸਲਾਹ ਦੇ ਰਿਹਾ ਹਾਂ। ਇਹ ਵੀ ਸਭ ਦਾ ਆਪਣਾ ਫੈਸਲਾ ਹੈ ਅਤੇ ਸੋਚ ਸਮਝ ਕੇ ਕਰਨਾ ਚਾਹੀਦਾ ਹੈ। ਘਰ ਖਰੀਦਣ ਵਿੱਚ ਗਲਤ ਲਿਆ ਫੈਸਲਾ ਕਈ ਸਾਲ ਪਿੱਛੇ ਲੈ ਜਾਂਦਾ ਹੈ।

❖❖❖❖❖

# 5

# ਫੋਨ ਦੀ ਗੁਲਾਮੀ

ਦੋਸਤੋ 1990 ਦੇ ਕਰੀਬ ਭਾਰਤ ਵਿੱਚ ਮੋਬਾਇਲ ਫੋਨ ਨਹੀਂ ਸੀ। ਨਿਊਜ਼ੀਲੈਂਡ ਵਰਗੇ ਮੁਲਕ ਵਿੱਚ ਇਸ ਦੀ ਸ਼ੁਰੂਆਤ 1990 ਦੇ ਕਰੀਬ ਹੋਈ। ਸ਼ੁਰੂ ਵਿੱਚ ਇਸ ਨੂੰ ਖਰੀਦਣਾ ਬਹੁਤ ਮੁਸ਼ਕਲ ਸੀ ਅਤੇ ਜੇ ਖਰੀਦ ਲਵੋ ਤਾਂ ਇਸ ਦਾ ਬਿੱਲ ਦੇਣਾ ਬਹੁਤ ਮੁਸ਼ਕਲ ਸੀ। ਜਦੋਂ ਮੋਬਾਇਲ ਫੋਨ ਸ਼ੁਰੂ ਵਿੱਚ ਆਇਆ ਤਾਂ ਇਸ ਨੂੰ ਇੰਜੀਨੀਅਰਾਂ ਨੇ ਖਰੀਦਿਆ ਜਿਨ੍ਹਾਂ ਦਾ ਕੰਮ ਮਸ਼ੀਨਾਂ ਠੀਕ ਕਰਨਾ ਹੁੰਦਾ ਸੀ। ਉਨ੍ਹਾਂ ਇੱਕ ਤੋਂ ਦੂਜੇ ਥਾਂ ਮਸ਼ੀਨ ਠੀਕ ਕਰਨ ਜਾਣਾ ਹੁੰਦਾ ਸੀ। ਉਸ ਸਮੇਂ ਮੋਬਾਇਲ ਕਾਫੀ ਵੱਡਾ ਹੁੰਦਾ ਸੀ ਅਤੇ ਜੇਬ ਵਿੱਚ ਵੀ ਨਹੀਂ ਪੈ ਸਕਦਾ ਸੀ ਅਤੇ ਨਾ ਹੀ ਇਸ ਨੂੰ ਬੈਲਟ ਕਲਿਪ ਹੁੰਦਾ ਸੀ। ਇੰਜੀਨਿਅਰ ਇਸ ਨੂੰ ਝੋਲੇ (ਬੈਗ) ਵਿੱਚ ਪਾ ਕੇ ਰੱਖਦੇ ਹੁੰਦੇ ਸੀ। ਮਸ਼ੀਨ ਠੀਕ ਕਰਨ ਵੇਲੇ ਝੋਲਾ ਥੱਲੇ ਰੱਖਣਾ ਪੈਂਦਾ ਸੀ। ਕਈ ਵਾਰੀ ਉਥੋਂ ਜਾਣ ਵੇਲੇ ਮੋਬਾਇਲ ਦਾ ਉਨ੍ਹਾਂ ਨੂੰ ਚੇਤਾ ਭੁੱਲ ਜਾਣਾ ਅਤੇ ਉਨ੍ਹਾਂ ਨੂੰ ਦੁਬਾਰਾ ਫੋਨ ਲੈਣ ਆਉਣਾ ਪੈਂਦਾ ਸੀ।

ਇੱਕ ਹੋਰ ਖਾਸ ਗੱਲ ਕਿ ਉਸ ਸਮੇਂ ਮੋਬਾਇਲ ਚੋਰੀ ਨਹੀਂ ਹੁੰਦਾ ਸੀ ਕਿਉਂਕਿ ਚੋਰੀ ਕਰਨ ਵਾਲੇ ਨੂੰ ਪਤਾ ਹੁੰਦਾ ਸੀ ਕਿ ਜੇ ਫੋਨ ਚੋਰੀ ਕਰ ਲਿਆ ਤਾਂ ਵੀ ਮੇਰੇ ਕੋਲੋਂ ਫੋਨ ਦਾ ਬਿੱਲ ਨਹੀਂ ਦੇ ਹੋਣਾ। ਜੇ ਬਿੱਲ ਵੀ ਦੇ ਹੋ ਗਿਆ ਤਾਂ ਉਹ ਫੋਨ ਕਰੇਗਾ ਕਿਸ ਨੂੰ ? ਕਿਉਂਕਿ ਦੂਜਿਆਂ ਕੋਲ ਤਾਂ ਫੋਨ ਹੀ ਨਹੀਂ ਸਨ।

ਉਸ ਸਮੇਂ ਮੋਬਾਇਲ ਵਿੱਚ ਇੰਟਰਨੈਟ ਨਹੀਂ ਹੁੰਦਾ ਸੀ। ਮੋਬਾਇਲ ਤੋਂ ਬਿਨਾਂ ਜਿੰਦਗੀ ਬੜੇ ਅਰਾਮ ਨਾਲ ਚੱਲਦੀ ਸੀ। ਲੋਕ ਬਹੁਤ ਖੁਸ਼ ਸਨ। ਇੱਕ ਦੂਜੇ ਦੇ ਦੁੱਖ ਸੁੱਖ ਵਿੱਚ ਵੱਧ ਸਾਂਝੀਦਾਰ ਸਨ ਪਰ ਮੋਬਾਇਲ ਅਤੇ ਇੰਟਰਨੈਟ ਦੇ ਆਉਣ ਨਾਲ ਦੌੜ ਜਿਹੀ ਲੱਗ ਗਈ।

ਪਰਿਵਾਰਾਂ ਦੇ ਮੈਂਬਰ ਆਪੋ ਆਪਣੇ ਕਮਰਿਆਂ ਵਿੱਚੋਂ ਨਹੀਂ ਨਿਕਲਦੇ। ਜਿਸ ਤਰਾਂ ਪੰਜਾਬ ਵਿੱਚ ਇੱਕ ਬਰਾਂਡੇ ਵਿੱਚ ਜਾਂ ਇੱਕ ਕਮਰੇ ਵਿੱਚ ਬੈਠ ਕੇ ਗੱਲਾਂ ਕਰਦੇ ਹੁੰਦੇ ਸੀ ਉਹ ਗੱਲਾਂ ਅਲੋਪ ਹੋ ਗਈਆਂ।

ਫੋਨ ਦੇ ਨਾਲ ਹੀ ਕੰਨਾਂ ਨੂੰ ਬਹੁਤਿਆਂ ਨੇ ਹੈੱਡ ਫੋਨ ਲਗਾਏ ਹੁੰਦੇ ਹਨ ਜਿਸ ਕਰਕੇ ਉਨ੍ਹਾਂ ਨੂੰ ਦੂਜੇ ਲੋਕਾਂ ਦੀ ਆਵਾਜ਼ ਵੀ ਨਹੀਂ ਸੁਣਦੀ। ਕਈ ਵਾਰ ਜਾਣ ਬੁਝ ਕੇ ਮੈਂਬਰਾਂ ਨੇ ਹੈੱਡ ਫੋਨ ਤੇ ਅਵਾਜ਼ ਉੱਚੀ ਕੀਤੀ ਹੁੰਦੀ ਹੈ ਕਿ ਦੂਸਰੇ ਦੀ ਅਵਾਜ਼ ਹੀ ਨਾ ਸੁਣੇ। ਕੰਨਾਂ ਵਾਸਤੇ ਜਿਆਦਾ ਅਵਾਜ਼ ਖਤਰਨਾਕ ਹੈ। ਵੱਧ ਅਵਾਜ਼ ਨਾਲ ਵਿਅਕਤੀ ਬੋਲਾ ਹੋ ਸਕਦਾ ਹੈ। ਬੱਚਿਆਂ ਵਾਸਤੇ ਹੋਰ ਵੀ ਖਤਰਨਾਕ ਹੈ।

ਹਲਾਤ ਹੁਣ ਇਹ ਹਨ ਕਿ ਪਰਿਵਾਰ ਦੇ ਕਿਸੇ ਮੈਂਬਰ ਨੂੰ ਜੇਕਰ ਘਰ ਵਿੱਚ ਦਿਲ ਦਾ ਦੌਰਾ ਪੈ ਜਾਵੇ ਤਾਂ ਸ਼ਾਇਦ ਉਸ ਦੀਆਂ ਚੀਕਾਂ ਜਾਂ ਅਵਾਜ਼ ਦੂਜਿਆਂ ਦੇ ਕੰਨੀਂ ਨਾ ਪਵੇ ਅਤੇ ਇਸ ਦੀ ਵਜ੍ਹਾ ਨਾਲ ਉਸ ਦੀ ਮੌਤ ਵੀ ਹੋ ਸਕਦੀ ਹੈ। ਪਰਿਵਾਰਕ  ਮੈਂਬਰ ਵੀ ਉਸ ਦੀ ਮੌਤ ਦਾ ਸੋਗ ਘੱਟ ਮਨਾਉਣਗੇ ਅਤੇ ਸੈਲਫੀਆਂ ਵੱਧ ਖਿਚਣਗੇ। ਹਸਪਤਾਲ ਲਿਜਾਣ ਵੇਲੇ ਵੀ ਸਟੇਟਸ ਪਾਉਣ ਲਈ ਫੋਟੋਆਂ ਜ਼ਰੂਰ ਖਿੱਚੀਆਂ ਜਾਣਗੀਆਂ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜਿੰਦਗੀ ਵਿੱਚ ਤਰੱਕੀ ਕਰਨ ਵਾਸਤੇ ਸਾਨੂੰ ਨਵੀਂ ਟੈਕਨੋਲੋਜੀ ਨਾਲ ਜੁੜਨਾ ਚਾਹੀਦਾ ਹੈ ਪਰ ਇਹ ਹਰ ਵਿਅਕਤੀ ਤੇ ਨਿਰਭਰ ਕਰਦਾ ਹੈ ਕਿ ਉਹ ਨਵੀਂ  ਟੈਕਨੋਲੋਜੀ ਨੂੰ ਕਿਸ ਤਰਾਂ ਵਰਤਦਾ ਹੈ ?

ਮੋਬਾਇਲ ਫੋਨ ਆਉਣ ਕਰਕੇ ਪ੍ਰੋਗਰਾਮਾਂ ਦੇ ਸੱਦਿਆਂ ਵਿੱਚ ਵੀ ਵਾਧਾ ਹੋਇਆ ਹੈ ਕਿਉਂਕਿ ਦੂਜੇ ਨੂੰ ਸੱਦਣ ਲਈ ਫੋਨ ਹੀ ਕਰ ਦਿੱਤਾ ਜਾਂਦਾ ਹੈ ਅਤੇ ਜੇਕਰ ਵਿਅਕਤੀ ਵਿਹਲਾ ਹੋਵੇ ਤਾਂ ਝੱਟ ਪਹੁੰਚ ਜਾਂਦਾ ਹੈ।

ਜਦੋਂ ਮੈਂ ਇੱਕ ਵਾਰ ਪੰਜਾਬ ਫੇਰੀ ਦੌਰਾਨ ਕਿਸੇ ਰਿਸ਼ਤੇਦਾਰ ਦੇ ਘਰ ਗਿਆ ਤਾਂ ਮੈਂ ਫੋਨ ਕਰਨ ਤੋਂ ਬਿਨਾਂ ਹੀ ਚਲਾ ਗਿਆ। ਮੇਰੇ ਕੋਲ ਉਨ੍ਹਾਂ ਦਾ ਫੋਨ ਨੰਬਰ ਵੀ ਨਹੀਂ ਸੀ। ਮੈਂ ਸੋਚਿਆ ਕਿ ਉਹ ਪੰਜ ਛੇ  ਭਰਾ ਹਨ ਅਤੇ ਵਿਆਹੇ ਹੋਏ ਹਨ ਉਨ੍ਹਾਂ ਵਿੱਚੋਂ ਕੁੱਝ ਪਰਿਵਾਰਿਕ ਮੈਂਬਰ ਤਾਂ ਮਿਲ ਹੀ ਪੈਣਗੇ। ਜਦੋਂ ਮੈਂ ਪਹੁੰਚਾ ਤਾਂ ਘਰ ਵਿੱਚ ਬਹੁਤ ਸੁੰਨ ਸੀ। ਇੱਕ ਭਰਾ ਸਕੂਟਰ ਸਟਾਰਟ ਕਰਦਾ ਸੀ। ਮੈਨੂੰ ਦੇਖ ਕੇ ਉਸ ਨੇ ਸਕੂਟਰ ਬੰਦ ਕਰ ਦਿੱਤਾ ਅਤੇ ਮੈਨੂੰ ਘਰ ਦੇ ਅੰਦਰ ਲੈ ਗਿਆ। ਰਾਜੀ ਖੁਸ਼ੀ ਕਰਨ ਤੋਂ ਬਾਦ ਮੈਂ ਪੁੱਛਿਆ ਕਿ ਬਾਕੀ ਪਰਿਵਾਰ ਕਿੱਧਰ ਗਿਆ ? ਉਹ ਕਹਿੰਦਾ ਸਾਰੇ ਵੱਖ ਵੱਖ ਸੱਦਿਆਂ ਤੇ ਗਏ ਹੋਏ ਹਨ। ਮੈਂ

ਵੀ ਚੱਲਿਆ ਸੀ ਪਰ ਕੋਈ ਜ਼ਰੂਰੀ ਨਹੀਂ  ਹੈ ਜਾਣਾ। ਆਪਾਂ ਗੱਲਾਂ ਮਾਰਦੇ ਹਾਂ।

ਅਸੀਂ ਘਰ ਦੇ ਅੰਦਰ ਚਲੇ ਗਏ। ਉਸ ਨੇ ਮੈਨੂੰ ਕਮਰੇ ਵਿੱਚ ਬਿਠਾਇਆ। ਉਸ ਨਾਲ ਗੱਲਾਂ ਕਰਦਾ ਕਰਦਾ ਮੈਂ ਸੋਚ ਰਿਹਾ ਸੀ ਕਿ ਇਸੇ ਘਰ ਵਿੱਚ ਮੈਂ ਬੱਚਾ ਹੁੰਦਾ ਵੀ ਆਉਂਦਾ ਹੁੰਦਾ ਸੀ ਜਦੋਂ ਘਰ ਦੀ ਵਾਗਡੋਰ ਇਨ੍ਹਾਂ ਦੇ ਬਜ਼ੁਰਗਾਂ ਦੇ ਹੱਥ ਸੀ। ਕੋਈ ਵੀ ਵਿਹਲਾ ਨਹੀਂ ਹੁੰਦਾ ਸੀ। ਖੇਤੀ ਵੱਡੀ ਹੋਣ ਕਰਕੇ ਬਹੁਤ ਮਜ਼ਦੂਰ ਕੰਮ ਕਰਦੇ ਸੀ। ਬਜ਼ੁਰਗ ਨੇ ਆਪਣੇ ਪੁੱਤਾਂ ਨੂੰ ਵੀ ਕੰਮ ਤੇ ਲਾਇਆ ਹੁੰਦਾ ਸੀ। ਨੂੰਹਾਂ ਸਾਰਾ ਦਿਨ ਪਰਿਵਾਰ ਦਾ ਅਤੇ ਮਜਦੂਰਾਂ ਦਾ ਰੋਟੀ ਪਾਣੀ ਕਰਦੀਆਂ ਹੁੰਦੀਆਂ ਸੀ ਅਤੇ ਨਿਆਣੇ ਵੀ ਸਾਂਭਦੀਆਂ ਸੀ। ਮਾਤਾ ਚਰਖਾ ਕੱਤਦੀ ਹੁੰਦੀ ਸੀ ਅਤੇ ਬਜ਼ੁਰਗ ਮਹਿਮਾਨਾਂ ਨਾਲ ਗੱਲਾਂ ਵੀ ਕਰਦਾ ਰਹਿੰਦਾ ਸੀ ਅਤੇ ਬੇੜ੍ਹ ਵੱਟਣ ਵਾਸਤੇ ਗਾਲੇ ਲਗਾਉਂਦਾ ਰਹਿੰਦਾ ਸੀ। ਦੂਜੇ ਸਿਰੇ ਤੇ ਸਾਨੂੰ ਬੇੜ੍ਹ ਵੱਟਣ ਲਗਾ ਦਿੰਦਾ ਸੀ। ਭਾਵ ਹਰ ਇੱਕ ਕਮਾਈ ਕਰ ਰਿਹਾ ਹੁੰਦਾ ਸੀ ਅਤੇ ਆਏ ਹੋਏ ਮਹਿਮਾਨਾਂ ਤੋਂ ਵੀ ਕਮਾਈ ਹੁੰਦੀ ਸੀ। ਘਰ ਦੇ ਸਰੀਰਾਂ ਨੂੰ ਹਰ ਛੇ ਮਹੀਨੇ ਬਾਦ ਕੱਪੜੇ ਖਰੀਦ ਕੇ ਦਿੱਤੇ ਜਾਂਦੇ ਸੀ ਅਤੇ ਸਾਂਝਾ ਪਰਿਵਾਰ ਸੀ। ਸਾਬਣ, ਸੋਢੇ ਅਤੇ ਕੱਪੜੇ ਤੋਂ ਬਿਨਾਂ ਉਨ੍ਹਾਂ ਨੂੰ ਕੁੱਝ ਖਰੀਦਣਾ ਨਹੀਂ ਪੈਂਦਾ ਸੀ। ਸਿਰਫ ਬਿਜਲੀ ਦਾ ਬਿੱਲ ਆਉਂਦਾ ਹੁੰਦਾ ਸੀ।

ਮੇਰਾ ਇਨ੍ਹਾਂ ਚੀਜ਼ਾਂ ਵੱਲ ਧਿਆਨ ਚਲਾ ਗਿਆ ਅਤੇ ਚੇਤਾ ਹੀ ਭੁੱਲ ਗਿਆ ਕਿ ਮੈਂ ਕਿਸੇ ਦੇ ਘਰ ਮਹਿਮਾਨ ਆਇਆ ਹੋਇਆ ਹਾਂ ਅਤੇ ਕੋਈ ਉਨ੍ਹਾਂ ਦੇ ਪਰਿਵਾਰ ਦਾ ਮੈਂਬਰ ਮੇਰੇ ਸਾਹਮਣੇ ਬੈਠਾ ਹੈ। ਉਸ ਵਿਅਕਤੀ ਨੇ ਮੈਨੂੰ ਚੁੱਪ ਕੀਤੇ ਨੂੰ ਦੇਖ ਅਵਾਜ਼ ਮਾਰੀ ਅਤੇ ਕਹਿੰਦਾ ਕੀ ਹੋਇਆ ਤੂੰ ਬੋਲਦਾ ਕਿਉਂ ਨਹੀਂ ? ਮੈਂ ਕਿਹਾ ਕਿ ਇਹੀ ਮੈਂ ਸੋਚਦਾ ਹਾਂ ਕਿ ਇਸ ਘਰ ਵਿੱਚ ਜਿਥੇ ਐਨੀਆਂ ਰੌਣਕਾਂ ਹੁੰਦੀਆਂ ਸੀ ਉਥੇ ਅੱਜ ਕੋਈ ਬੋਲਦਾ ਕਿਉਂ ਨਹੀਂ ? ਮੈਂ ਇਹ ਵੀ ਸੋਚ ਰਿਹਾ ਸੀ ਕਿ ਜੇ ਇਸ ਨੂੰ ਮੈਂ ਸੱਚ ਕਹਿ ਦਿੱਤਾ ਤਾਂ ਇਹ ਗੁੱਸਾ ਨਾ ਕਰੇ ਅਤੇ ਚੁੱਪ ਰਹਿਣ ਦੀ ਇਜਾਜ਼ਤ ਮੇਰਾ ਜ਼ਮੀਰ ਨਹੀਂ ਦੇ ਰਿਹਾ ਸੀ। ਮੈਨੂੰ ਡਾਕਟਰ ਸੁਰਜੀਤ ਪਾਤਰ ਜੀ ਦੀਆਂ ਲਿਖੀਆਂ ਸਤਰਾਂ ਯਾਦ ਆਈਆਂ "ਕੁੱਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ, ਚੁੱਪ ਰਿਹਾ ਤਾਂ ਸ਼ਮਾਂਦਾਨ ਕੀ ਕਹਿਣਗੇ ?" ਇਹ ਸੋਚ ਮੈਂ ਕੁੱਝ ਕਹਿਣ ਦਾ ਫੈਸਲਾ ਕੀਤਾ।

ਉਹ ਕਹਿੰਦਾ ਕਿ ਤੂੰ ਦੇਰ ਬਾਦ ਪੰਜਾਬ ਆਇਆ ਹੈਂ। ਹੁਣ ਪੰਜਾਬ ਪਹਿਲਾਂ ਵਾਲਾ ਨਹੀਂ ਰਿਹਾ ਤਰੱਕੀ ਕਰ ਗਿਆ ਹੈ। ਸਿਰਫ ਫੋਨ ਕਰਕੇ ਆਓ ਫਿਰ ਅਗਲਾ ਬੰਦਾ ਮਿਲਦਾ ਹੈ। ਮੈਂ ਉਸ ਨੂੰ ਕਿਹਾ ਕਿ ਸ਼ਾਇਦ ਆਪਾਂ ਤਰੱਕੀ ਦੇ ਅਰਥ ਭੁੱਲ ਗਏ ਹਾਂ । ਤਰੱਕੀ ਨੱਠ ਭੱਜ ਨੂੰ ਨਹੀਂ ਕਹਿੰਦੇ। ਮੈਂ ਉਸ ਨੂੰ ਪੁੱਛਿਆ ਕਿ ਪਿਛਲੇ ਪੰਜ ਸਾਲਾਂ ਵਿੱਚ ਤੁਸੀਂ ਕੋਈ ਜ਼ਮੀਨ ਜਾਇਦਾਦ ਜਾਂ ਕੋਈ ਘਰ ਘਾਟ ਜਾਂ ਕੋਈ ਮਸ਼ੀਨਰੀ ਖਰੀਦੀ ਹੈ ਕਿ ਨਹੀਂ ? ਕਹਿੰਦਾ ਕਿ ਸਾਰੇ ਪਰਿਵਾਰ ਨੇ ਮੋਬਾਇਲ ਖਰੀਦੇ ਹਨ ਅਤੇ ਇੰਟਰਨੈਟ ਲਗਵਾਇਆ ਹੈ ਪਰ ਹੋਰ

ਕੁੱਝ ਤਾਂ ਨਹੀਂ ਖਰੀਦਿਆ। ਉਹ ਕਹਿੰਦਾ ਤੂੰ ਇਹ ਸਭ ਕੁੱਝ ਕਿਉਂ ਪੁੱਛ ਰਿਹਾ ਹੈਂ ?

ਮੈਂ ਕਿਹਾ ਕਿ ਮੈਂ ਤਰੱਕੀ ਦੀ ਪਰਿਭਾਸ਼ਾ ਹੀ ਲੱਭ ਰਿਹਾ ਹਾਂ ਕਿ ਤਰੱਕੀ ਇਹ ਹੈ ਜਿਹੜੀ ਤੁਸੀਂ ਪਿਛਲੇ ਪੰਜ ਸਾਲਾਂ ਵਿੱਚ ਕੀਤੀ ਹੈ ਜਾਂ ਤਰੱਕੀ ਉਹ ਸੀ ਜਦੋਂ ਤੁਹਾਡਾ ਬਜ਼ੁਰਗ ਸਭ ਨੂੰ ਕੰਮ ਤੇ ਲਾ ਕੇ ਰੱਖਦਾ ਸੀ ? ਉਸ ਸਮੇਂ ਬਜ਼ੁਰਗ ਹਰ ਦੋ ਤਿੰਨ ਸਾਲਾਂ ਬਾਦ ਜ਼ਮੀਨ ਅਤੇ ਖੇਤੀ ਕਰਨ ਵਾਲੀ ਮਸ਼ੀਨਰੀ ਵੀ ਖਰੀਦ ਲੈਂਦਾ ਸੀ। ਉਹ ਕਹਿਣ ਲੱਗਾ ਜਦ ਦਾ ਮੋਬਾਇਲ ਆਇਆ ਉਦੋਂ ਦਾ ਇਹੀ ਹਾਲ ਹੈ।

ਮੈਂ ਉਸ ਨੂੰ ਦੱਸਿਆ ਕਿ 1994 ਦੇ ਕਰੀਬ ਪਹਿਲਾ ਟੈਕਸਟ ਮੈਸੇਜ ਸ਼ੁਰੂ ਹੋਇਆ ਸੀ। ਹੁਣ ਇੱਕ ਦਿਨ ਵਿੱਚ ਪੂਰੀ ਦੁਨੀਆਂ ਦੀ ਅਬਾਦੀ ਨਾਲੋਂ ਵੱਧ ਟੈਕਸਟ ਇੱਕ ਦੂਜੇ ਨੂੰ ਕੀਤੇ ਜਾਂਦੇ ਹਨ। ਉਹ ਮੈਨੂੰ ਕਹਿਣ ਲੱਗਾ ਕਿ ਤੂੰ ਮੋਬਾਇਲ ਨਹੀਂ ਵਰਤਦਾ ? ਮੈਂ ਕਿਹਾ ਮੈਂ ਵਰਤਦਾ ਹਾਂ ਪਰ ਮੈਂ ਆਪਣੇ ਕੰਮ ਕਰਨੇ ਨਹੀਂ ਛੱਡੇ ਅਤੇ ਮੇਰਾ ਕੰਮ ਵੀ ਮੋਬਾਇਲ ਤੇ ਹੀ ਹੁੰਦਾ ਹੈ। ਉਹ ਬੜਾ ਹੈਰਾਨ ਹੋਇਆ ਕਿ ਕੰਮ ਮੋਬਾਇਲ ਤੇ ਕਿਸ ਤਰਾਂ ਹੁੰਦਾ ਹੈ? ਮੈਂ ਕਿਹਾ ਗੋਰਿਆਂ ਮੋਬਾਇਲ ਬਣਾਏ ਤਾਂ ਕੰਮ ਕਰਨ ਲਈ ਸੀ ਪਰ ਬਹੁਤੇ ਲੋਕਾਂ ਨੇ ਕੰਮ ਲਈ ਵਰਤੇ ਨਹੀਂ।

ਉਹ ਕਹਿਣ ਲੱਗਾ ਇਹ ਮੋਬਾਇਲ ਬਣਾਉਣ ਵਾਲਿਆਂ ਦਾ ਕਸੂਰ ਹੈ। ਮੈਂ ਕਿਹਾ ਨਹੀਂ ਜਿਸ ਤਰਾਂ ਗੁਲੇਲ ਸ਼ਿਕਾਰ ਖੇਲ੍ਹਣ ਲਈ ਬਣਾਈ ਜਾਂਦੀ ਹੈ ਪਰ ਜੇ ਬਾਂਦਰ ਹੱਥ ਆ ਜਾਵੇ ਤਾਂ ਉਹ ਉਸ ਨਾਲ ਇਨਸਾਨਾਂ ਦੀਆਂ ਅੱਖਾਂ ਵੀ ਕੱਢ ਸਕਦਾ ਹੈ। ਇਹ ਸੁਣ ਕੇ ਉਹ ਬਹੁਤ ਹੱਸਿਆ ਅਤੇ ਕਹਿਣ ਲੱਗਾ ਕਿ ਹੋਈ ਤਾਂ ਏਦਾਂ ਹੀ ਹੈ।

ਮੇਰੇ ਨਾਲ ਸੈਂਕੜੇ ਲੋਕ ਮੇਰੀਆਂ ਕੰਪਨੀਆਂ ਵਿੱਚ ਕੰਮ ਕਰਦੇ ਹੁੰਦੇ ਸੀ। ਫੋਨ ਮੈਨੂੰ ਘੱਟ ਆਉਣ ਇਸ ਕਰਕੇ ਫੋਨ ਸੁਣਨ ਵਾਸਤੇ ਮੈਂ ਹੋਰ ਮੈਨੇਜਰ ਅਤੇ ਸੁਪਰਵਾਈਜਰ ਕੰਮ ਤੇ ਰੱਖੇ ਹੋਏ ਹੁੰਦੇ ਸੀ ਪਰ ਇਸ ਦੇ ਬਾਵਜੂਦ ਮੈਨੂੰ ਹਰ ਰੋਜ਼ 85 ਫੋਨ ਕਾਲਾਂ ਆਉਂਦੀਆਂ ਸਨ। ਜਿਆਦਾ ਕਾਲਾਂ ਦੋ ਜਾਂ ਤਿੰਨ ਮਿੰਟ ਦੀਆਂ ਹੁੰਦੀਆਂ ਸਨ। ਮੈਨੂੰ ਸਿਰ ਦਰਦ ਰਹਿਣ ਲੱਗਾ ਤਾਂ ਮੈਂ ਫੋਨ ਕੰਨ ਲਾ ਕੇ ਸੁਣਨ ਦੀ ਬਜਾਏ ਸਪੀਕਰ ਤੇ ਸੁਣ ਲੈਣਾ। ਇਹ ਮਸਲਾ ਹੱਲ ਹੋ ਗਿਆ। ਫਿਰ 35 ਜਾਂ 40 ਕਾਲਾਂ ਤੋਂ ਬਾਦ ਮੈਨੂੰ ਇਸ ਤਰਾਂ ਲੱਗਣਾ ਕਿ ਮੇਰੇ ਫੋਨ ਦੀ ਘੰਟੀ ਵੱਜ ਰਹੀ ਹੈ ਜਦ ਕਿ ਉਹ ਵੱਜ ਨਹੀਂ ਰਹੀ ਹੁੰਦੀ ਸੀ।

ਹੁਣ ਜਿਆਦਾ ਕੰਮ ਈ-ਮੇਲ ਤੇ ਕਰ ਦਿੱਤਾ ਹੈ ਤਾਂ ਇਸ ਮਸਲੇ ਦਾ ਹੱਲ ਹੋਇਆ ਹੈ। ਆਪ ਨਾਲ ਇਹ ਇਸ ਕਰਕੇ ਸਾਂਝ ਪਾ ਰਿਹਾ ਹਾਂ ਕਿ ਮੋਬਾਇਲ ਦੀ ਵਰਤੋਂ ਆਪਣੀ

ਸਿਹਤ ਦਾ ਖਿਆਲ ਰੱਖ ਕੇ ਹੀ ਕੀਤੀ ਜਾਵੇ। ਇਸ ਦੇ ਨਾਲ ਨਾਲ ਤਰੱਕੀ ਦੀ ਪਰਿਭਾਸ਼ਾ ਨੂੰ ਵੀ ਜਾਣਿਆ ਜਾਵੇ ਕਿ ਤੁਹਾਡੀ ਨਜ਼ਰ ਵਿੱਚ ਤਰੱਕੀ ਕੀ ਹੈ ? ਕੀ ਅਸੀਂ ਤਰੱਕੀ ਕਰ ਰਹੇ ਹਾਂ ਜਾਂ ਉਸ ਤੋਂ ਦੂਰ ਜਾ ਰਹੇ ਹਾਂ ?

ਇੱਕ ਵੀਰ ਬੇਦੀ ਮੀਰ ਪੁਰੀ ਜੀ ਦੀ ਕਵਿਤਾ ਜੋ ਮੋਬਾਇਲ ਬਾਰੇ ਲਿਖੀ ਗਈ ਹੈ ਆਪ ਜੀ ਨਾਲ ਥੱਲੇ ਸਾਂਝੀ ਕਰ ਰਿਹਾ ਹਾਂ।

*ਦੁਨੀਆਂ ਨੂੰ ਵੇਖ ਪ੍ਰੇਸ਼ਾਨ ਜਿਹਾ ਹੋ ਗਿਆ,*
*ਭੋਲ਼ਾ-ਭਾਲ਼ਾ ਬੰਦਾ ਵੀ ਸ਼ੈਤਾਨ ਜਿਹਾ ਹੋ ਗਿਆ।*
*24 ਘੰਟੇ ਨੈੱਟ ਦਿਆਂ ਚੱਕਰਾਂ 'ਚ ਫੱਸਿਆ,*
*ਹਰ ਬੰਦਾ ਫ਼ੋਨ ਦਾ ਗੁਲਾਮ ਜਿਹਾ ਹੋ ਗਿਆ।*
*ਸਾਰਾ ਦਿਨ ਮਿੱਤਰੋ ਜੋ ਨੈੱਟ ਉੱਤੇ ਰਹਿੰਦਾ ਏ,*
*ਸਮਝ ਨਾ ਆਵੇ ਕਦੋਂ ਕੰਮ ਉੱਤੇ ਬਹਿੰਦਾ ਏ?*
*ਕਦੇ ਫ਼ੇਸਬੁੱਕ,ਕਦੇ ਇੰਸਟਾ ਚਲਾਉਂਦਾ ਏ,*
*ਜਦੋਂ ਵੇਖੋ ਹਰ ਥਾਂਵੇਂ online ਰਹਿੰਦਾ ਏ।*
*ਗਿਆਨ ਬੜਾ ਘੋਟੇ (2)ਵਿਦਵਾਨ ਜਿਹਾ ਹੋ ਗਿਆ।*
*ਹਰ ਬੰਦਾ ਫ਼ੋਨ ਦਾ ਗੁਲਾਮ ਜਿਹਾ ਹੋ ਗਿਆ।*
*ਅੰਦਰੋਂ ਉਦਾਸ ਪਰ ਫੋਟੋਆਂ 'ਚ ਹੱਸਦਾ।*
*ਦਿਲ ਵਾਲ਼ਾ ਦੁਖੜਾ ਜੀ ਕਿਸੇ ਨੂੰ ਨੀ ਦੱਸਦਾ।*
*ਬਹਿ ਕੇ ਪਰਿਵਾਰ ਵਿੱਚ ਵਕਤ ਗੁਜਾਰੇ ਨਾ,*
*ਦਿਨੋਂ ਦਿਨ ਜਾਂਦਾ ਏ ਮੋਬਾਇਲ ਵਿੱਚ ਧੱਸਦਾ।*
*ਘਰ ਵਿੱਚ ਰਹਿੰਦੇ(2) ਮਹਿਮਾਨ ਜਿਹਾ ਹੋ ਗਿਆ।*
*ਹਰ ਬੰਦਾ ਫ਼ੋਨ ਦਾ ਗੁਲਾਮ ਜਿਹਾ ਹੋ ਗਿਆ।*
*ਕਿੰਨੀਆਂ ਹੀ ਐਪਾਂ ਨੇ ਮੋਬਾਈਲ ਵਿੱਚ ਭਰੀਆਂ,*
*ਬਹੁਤੀਆਂ ਤਾਂ ਯਾਰੋ ਕਦੇ use ਵੀ ਨਈਂ ਕਰੀਆਂ।*
*ਹਰ ਇਕ ਐਪ ਨੂੰ ਲਗਾਈ ਸਕਿਉਰਟੀ,*
*applock ਵਿੱਚ ਕਰਤੂਤਾਂ ਕੈਦ ਬੜੀਆਂ।*
*ਮੀਰ ਪੁਰੀ ਬੇਦੀ(2) ਬੇਈਮਾਨ ਜਿਹਾ ਹੋ ਗਿਆ।*
*ਹਰ ਬੰਦਾ ਫ਼ੋਨ ਦਾ ਗੁਲਾਮ ਜਿਹਾ ਹੋ ਗਿਆ।।*

❖❖❖❖❖

# 6

# ਅਜ਼ਾਦ ਭਾਰਤ ਦਾ ਕਿਸਾਨ ਸੜਕਾਂ 'ਤੇ ਜਦ ਕਿ ਨਾਸਤਿਕਾਂ ਦੇ ਮੁਲਕ ਨਿਊਜ਼ੀਲੈਂਡ 'ਚ ਸਹੂਲਤਾਂ ਦੀ ਭਰਮਾਰ

ਨਿਊਜ਼ੀਲੈਂਡ ਨੂੰ ਅਬਾਦੀ ਪੱਖੋਂ ਅਤੇ ਖੇਤਰਫਲ ਪੱਖੋਂ ਛੋਟਾ ਕਿਹਾ ਜਾ ਸਕਦਾ ਹੈ ਪਰ ਦਿਲ ਪੱਖੋਂ ਨਹੀਂ। ਇਥੇ ਅੱਧੋਂ ਵੱਧ ਅਬਾਦੀ ਰੱਬ ਨੂੰ ਨਹੀਂ ਮੰਨਦੀ। ਇਸ ਕਰਕੇ ਇਸ ਨੂੰ ਨਾਸਤਿਕਾਂ ਦਾ ਮੁਲਕ ਵੀ ਕਿਹਾ ਜਾਂਦਾ ਹੈ।

ਭਾਰਤ ਵਿੱਚ ਨੌਕਰੀਆਂ ਨਾ ਮਿਲਣ ਅਤੇ ਸਰਕਾਰੀ ਸਹੂਲਤਾਂ ਨਾ ਹੋਣ ਕਾਰਨ ਭਾਰਤੀ ਵਿਦੇਸ਼ਾਂ ਵੱਲ ਮੂੰਹ ਕਰਦੇ ਹਨ। ਇਸ ਵਿੱਚ ਪੰਜਾਬ ਸਭ ਤੋਂ ਅੱਗੇ ਹੈ। ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਪੰਜਾਬੀਆਂ ਦਾ ਮੁੱਖ ਕਿੱਤਾ ਖੇਤੀ ਹੈ ਅਤੇ ਕਿਸਾਨ ਨੂੰ ਸਮੇਂ ਦੀਆਂ ਸਰਕਾਰਾਂ ਵਲੋਂ ਫਸਲਾਂ ਦਾ ਵਾਜਬ ਭਾਅ ਨਹੀਂ ਮਿਲਦਾ। ਭਾਵੇਂ ਕਿ ਭਾਰਤ ਨੂੰ ਆਜ਼ਾਦ ਹੋਇਆਂ 73 ਸਾਲ ਬੀਤ ਚੁੱਕੇ ਹਨ ਪਰ ਭਾਰਤੀ ਅਜੇ ਆਜ਼ਾਦ ਨਹੀਂ ਹੋਏ।

ਜਿਥੇ ਬਹੁਤ ਸਾਰੇ ਭਾਰਤੀਆਂ ਦੀ ਹਾਲਤ ਬੇਹੱਦ ਮਾੜੀ ਹੈ ਉਥੇ ਹੀ ਕਿਸਾਨ ਜੋ ਦੇਸ਼ ਦਾ ਅੰਨਦਾਤਾ ਹੈ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਕਿਸਾਨ ਨੂੰ ਉਸ ਦੀਆਂ ਫਸਲਾਂ ਦੀ ਵਾਜਬ ਕੀਮਤ ਦੇਣ ਦੀ ਬਜਾਏ ਉਸ ਵਿਰੋਧੀ ਕਨੂੰਨ ਬਣਾਏ ਗਏ ਹਨ ਜਿਨ੍ਹਾਂ ਦਾ ਵਿਰੋਧ ਕਰਨ ਵਾਸਤੇ ਕਿਸਾਨ ਸੜਕਾਂ ਤੇ ਆਏ ਹੋਏ ਹਨ।

ਸੜਕਾਂ ਤੇ ਆਏ ਹੋਏ ਕਿਸਾਨਾਂ ਵਿੱਚੋਂ ਕਈ 65 ਸਾਲ ਤੋਂ ਵੀ ਉੱਪਰ ਹਨ। ਸਰਕਾਰ ਦਾ ਉਨ੍ਹਾਂ ਪ੍ਰਤੀ ਫਰਜ਼ ਤਾਂ ਇਹ ਹੋਣਾ ਚਾਹੀਦਾ ਕਿ ਉਨਾਂ ਨੂੰ ਪੈਨਸ਼ਨ, ਸਿਹਤ ਸਹੂਲਤਾਂ ਅਤੇ ਹੋਰ ਲੋੜ ਅਨੁਸਾਰ ਸਹੂਲਤਾਂ ਦੇ ਕੇ ਘਰ ਬਿਠਾਏ ਪਰ ਹੋ ਇਸ ਦੇ ਉਲਟ ਰਿਹਾ ਹੈ। ਵੱਖ ਵੱਖ ਵਿਦੇਸ਼ੀ ਮੁਲਕਾਂ ਵਿੱਚ ਸਰਕਾਰਾਂ ਉਥੋਂ ਦੇ ਵਸ਼ਿੰਦਿਆਂ ਨੂੰ ਵੱਖ ਵੱਖ ਸਹੂਲਤਾਂ

ਦਿੰਦੀਆਂ ਹਨ ਤਾਂ ਕਿ ਹਰ ਇੱਕ ਦੀ ਰੋਟੀ, ਕੱਪੜੇ, ਮਕਾਨ ਅਤੇ ਇਲਾਜ ਦੀ ਲੋੜ ਪੂਰੀ ਹੋ ਸਕੇ। ਇਹ ਸਹੂਲਤਾਂ ਵਿਅਕਤੀ ਦੀ ਆਰਥਿਕਤਾ ਦੇ ਅਧਾਰ ਤੇ ਦਿਤੀਆਂ ਜਾਂਦੀਆਂ ਹਨ।

ਇਸ ਲੇਖ ਵਿੱਚ ਦੇਖਦੇ ਹਾਂ ਕਿ ਨਿਊਜ਼ੀਲੈਂਡ ਵਿੱਚ ਵਸਦੇ ਪੱਕੇ ਵਾਸੀ ਨੂੰ ਕਿਹੜੀਆਂ ਮੁੱਖ ਸਹੂਲਤਾਂ ਮਿਲਦੀਆਂ ਹਨ ?

ਇਨ੍ਹਾਂ ਸਹੂਲਤਾਂ ਨੂੰ ਪੜ੍ਹ ਕੇ ਪਤਾ ਲੱਗੇਗਾ ਕਿ ਅਸੀਂ ਭਾਰਤ ਵਿੱਚ ਹੁੰਦੇ ਹੋਏ ਅਜੇ ਆਜ਼ਾਦੀ ਤੋਂ ਬਹੁਤ ਦੂਰ ਹਾਂ ਭਾਵੇਂ ਹਰ ਸਾਲ ਆਜ਼ਾਦੀ ਦੀਆਂ ਮੁਬਾਰਕਾਂ ਦੇ ਕੇ ਬਹੁਤੇ ਲੋਕ ਦਿਲ ਖੁਸ਼ ਕਰ ਲੈਂਦੇ ਹਨ।

✔ ਨਿਊਜ਼ੀਲੈਂਡ ਵਿੱਚ ਪੈਨਸ਼ਨ ਦੀ ਉਮਰ 65 ਸਾਲ ਹੈ। ਹਰ ਇੱਕ ਨੂੰ ਪੈਨਸ਼ਨ ਮਿਲਦੀ ਹੈ ਭਾਵੇਂ ਉਹ ਪ੍ਰਾਈਵੇਟ ਜਾਂ ਸਰਕਾਰੀ ਨੌਕਰੀ ਕਰਦਾ ਰਿਹਾ ਹੋਵੇ।
✔ ਪੈਨਸ਼ਨ ਵਾਲਿਆਂ ਨੂੰ ਟਰਾਂਸਪੋਰਟ ਮੁਫ਼ਤ ਹੈ।
✔ ਪੈਨਸ਼ਨ ਵਾਲਿਆਂ ਨੂੰ ਕਈ ਦੁਕਾਨਾਂ ਤੋਂ ਸਸਤਾ ਸਮਾਨ ਮਿਲ ਜਾਂਦਾ ਹੈ।
✔ ਤਕਰੀਬਨ ਤੇਰਾਂ ਸਾਲ ਤੱਕ ਦੇ ਬੱਚਿਆਂ ਦਾ ਇਲਾਜ ਮੁਫ਼ਤ ਹੈ।
✔ ਗਰਭ ਦੌਰਾਨ ਜਾਂ ਬੱਚਾ ਹੋਣ ਤੋਂ ਬਾਦ ਔਰਤ ਦੀ ਦੇਖਭਾਲ ਅਤੇ ਇਲਾਜ ਮੁਫ਼ਤ ਹੈ। ਇਸ ਦੌਰਾਨ ਔਰਤ ਅਤੇ ਬੱਚੇ ਨੂੰ ਮਿਡ ਵਾਈਫ (ਦਾਈ) ਸਰਕਾਰ ਦੇ ਖਰਚੇ ਤੇ ਘਰ ਵੀ ਦੇਖਣ ਆਉਂਦੀ ਰਹਿੰਦੀ ਹੈ।
✔ ਮਾਨਸਿਕ ਰੋਗੀਆਂ ਵਾਸਤੇ ਕਾਉਂਸਲਿੰਗ ਮੁਫ਼ਤ ਹੈ।
✔ ਔਰਤ ਨੂੰ ਬੱਚਾ ਹੋਣ ਤੋਂ ਬਾਦ ਛੇ ਮਹੀਨੇ ਜਾਂ ਇਸ ਤੋਂ ਵੱਧ ਕੰਮ ਤੋਂ ਤਨਖਾਹ ਸਮੇਤ ਛੁੱਟੀ ਮਿਲਦੀ ਹੈ।
✔ ਨੌਕਰੀ ਨਾ ਹੋਣ ਦੀ ਸੂਰਤ ਵਿੱਚ ਬੇਰੋਜ਼ਗਾਰੀ ਭੱਤਾ (benefit) ਮਿਲਦਾ ਹੈ।
✔ ਜਿਹੜੇ ਲੋਕਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਂਦਾ ਹੈ। ਉਨ੍ਹਾਂ ਨੂੰ ਨਵੀਂ ਨੌਕਰੀ ਮਿਲਣ ਤੱਕ ਸਰਕਾਰ ਵਲੋਂ ਭੱਤਾ ਮਿਲਦਾ ਹੈ।
✔ ਸਰਕਾਰ ਵਲੋਂ ਗਰੰਟੀ ਹੈ ਕਿ ਕੋਈ ਵੀ ਵਿਅਕਤੀ ਭੁੱਖਾ ਨਹੀਂ ਮਰੇਗਾ।
✔ ਜਿਸ ਨੂੰ ਮਕਾਨ ਕਿਰਾਏ ਤੇ ਲੈਣ ਦੀ ਤੰਗੀ ਹੈ। ਉਸ ਵਿੱਚ ਸਰਕਾਰ ਬੌਂਡ ਭਰ ਕੇ ਮੱਦਦ ਕਰਦੀ ਹੈ।
✔ ਘੱਟ ਆਮਦਨ ਵਾਲਿਆਂ ਨੂੰ ਸਰਕਾਰ ਆਪਣੇ ਬਣਾਏ ਹੋਏ ਘਰ ਵੀ ਘੱਟ ਕਿਰਾਏ ਤੇ ਦਿੰਦੀ ਹੈ। ਇਨ੍ਹਾਂ ਘਰਾਂ ਦੀ ਗਿਣਤੀ ਘੱਟ ਹੋਣ ਕਰਕੇ ਉਡੀਕ ਕਰਨੀ ਪੈਂਦੀ ਹੈ।
✔ ਪੱਕੇ ਵਿਅਕਤੀ ਦਾ ਸਰਕਾਰੀ ਹਸਪਤਾਲਾਂ ਵਿੱਚ ਇਲਾਜ ਮੁਫ਼ਤ ਹੈ।
✔ ਘੱਟ ਆਮਦਨ ਵਾਲਿਆਂ ਵਾਸਤੇ ਪ੍ਰਾਈਵੇਟ ਇਲਾਜ ਵੀ ਸਸਤਾ ਹੈ। ਦਵਾਈਆਂ ਵੀ

ਸਸਤੀਆਂ ਮਿਲਦੀਆਂ ਹਨ।

✔ ਵੱਧ ਆਮਦਨ ਵਾਲਿਆਂ ਨੂੰ ਡਾਕਟਰ ਦੀ ਫੀਸ ਪੂਰੀ ਦੇਣੀ ਪੈਂਦੀ ਹੈ ਪਰ ਦਵਾਈਆਂ ਸਸਤੀਆਂ ਮਿਲ ਜਾਂਦੀਆਂ ਹਨ। ਸਰਕਾਰੀ ਹਸਪਤਾਲ ਵਿੱਚ ਇਲਾਜ ਇਨ੍ਹਾਂ ਨੂੰ ਵੀ ਮੁਫ਼ਤ ਹੈ।

✔ ਘੱਟ ਆਮਦਨ ਵਾਲਿਆਂ ਨੂੰ ਦੰਦਾਂ ਦੇ ਇਲਾਜ ਲਈ ਵੀ ਸਲਾਨਾ ਪੈਸੇ ਮਿਲਦੇ ਹਨ।

✔ ਜਿਹੜੇ ਲੋਕਾਂ ਨੂੰ ਵੱਧ ਦਵਾਈਆਂ ਦੀ ਲੋੜ ਪੈਂਦੀ ਹੈ। ਉਨ੍ਹਾਂ ਨੂੰ ਕੁੱਝ ਦਵਾਈਆਂ ਤੋਂ ਬਾਦ ਬਾਕੀ ਦਵਾਈਆਂ ਮੁਫ਼ਤ ਮਿਲਣ ਲੱਗ ਪੈਂਦੀਆਂ ਹਨ।

✔ ਕਈ ਮਾਲਕ ਆਪਣੇ ਕਾਮਿਆਂ ਵਾਸਤੇ ਮੈਡੀਕਲ ਇੰਸ਼ੋਰੈਂਸ ਕਰਵਾ ਦਿੰਦੇ ਹਨ ਤਾਂ ਕਿ ਉਨ੍ਹਾਂ ਦਾ ਇਲਾਜ ਸਸਤਾ ਜਾਂ ਮੁਫ਼ਤ ਹੋ ਸਕੇ।

✔ ਸਿਆਣੇ ਜਿਨ੍ਹਾਂ ਦੀ ਦੇਖ ਭਾਲ ਲਈ ਕੋਈ ਨਹੀਂ ਹੈ ਉਨ੍ਹਾਂ ਨੂੰ ਸਿਆਣਿਆਂ ਵਾਸਤੇ ਬਣਾਏ ਹੋਏ ਕੇਂਦਰਾਂ ਵਿੱਚ ਰੱਖਿਆ ਜਾਂਦਾ ਹੈ। ਜਿਨ੍ਹਾਂ ਕੋਲ ਆਪਣੀ ਕੋਈ ਜਾਇਦਾਦ ਨਹੀਂ ਉਨ੍ਹਾਂ ਵਾਸਤੇ ਇਹ ਸਹੂਲਤ ਮੁਫ਼ਤ ਹੈ ਅਤੇ ਦੂਸਰਿਆਂ ਕੋਲੋਂ ਖਰਚਾ ਲਿਆ ਜਾਂਦਾ ਹੈ। ਡਾਕਟਰੀ ਸਹੂਲਤਾਂ ਅਤੇ ਖਾਣੇ ਦਾ ਪ੍ਰਬੰਧ ਵੀ ਉਥੇ ਹੀ ਹੁੰਦਾ ਹੈ। ਸਿਆਣਿਆਂ ਨੂੰ ਘੁੰਮਣ ਫਿਰਨ ਵੀ ਲਿਜਾਇਆ ਜਾਂਦਾ ਹੈ।

✔ ਜਿਹੜੇ ਸਿਆਣੇ ਆਪਣੇ ਘਰ ਇਕੱਲੇ ਰਹਿੰਦੇ ਹਨ ਅਤੇ ਆਪਣਾ ਘਰ ਦਾ ਕੰਮ ਨਹੀਂ ਕਰ ਸਕਦੇ ਉਨ੍ਹਾਂ ਨੂੰ ਸਰਕਾਰ ਵਲੋਂ ਮੁਲਾਜ਼ਮ ਦਿੱਤਾ ਜਾਂਦਾ ਹੈ ਜੋ ਉਨ੍ਹਾਂ ਦੇ ਘਰ ਦੀ ਸਾਫ ਸਫਾਈ ਅਤੇ ਉਨ੍ਹਾਂ ਦੀ ਦੇਖ ਭਾਲ ਕਰ ਸਕੇ।

✔ ਜਿਹੜੇ ਘੱਟ ਆਮਦਨ ਵਾਲਿਆਂ ਕੋਲ ਡਾਕਟਰ ਜਾਂ ਹਸਪਤਾਲ ਜਾਣ ਲਈ ਕਾਰ ਨਹੀਂ ਹੈ ਤਾਂ ਉਨ੍ਹਾਂ ਨੂੰ ਟੈਕਸੀ ਦੇ ਪੈਸੇ ਸਰਕਾਰ ਵਲੋਂ ਦਿੱਤੇ ਜਾਂਦੇ ਹਨ।

✔ ਜਿਹੜੇ ਲੋਕਾਂ ਦੀ ਆਮਦਨ ਘੱਟ ਹੈ ਉਨ੍ਹਾਂ ਨੂੰ ਸਰਕਾਰ ਵਲੋਂ ਸਿਆਲ ਵਿੱਚ ਬਿਜਲੀ ਦੇ ਪੈਸੇ ਦਿੱਤੇ ਜਾਂਦੇ ਹਨ ਤਾਂ ਜੋ ਉਹ ਆਪਣੇ ਘਰਾਂ ਵਿੱਚ ਹੀਟਰ ਵਰਤ ਸਕਣ।

✔ ਜਦੋਂ ਕਿਸੇ ਘੱਟ ਆਮਦਨ ਵਾਲੇ ਦੇ ਮਕਾਨ ਦਾ ਕਿਰਾਇਆ ਵਧ ਜਾਂਦਾ ਹੈ ਤਾਂ ਸਰਕਾਰ ਭੱਤਾ ਵਧਾ ਦਿੰਦੀ ਹੈ।

✔ ਜਿਹੜਾ ਵਿਅਕਤੀ ਬਿਮਾਰੀ ਦੀ ਵਜ੍ਹਾ ਕਰਕੇ ਕੰਮ ਨਹੀਂ ਕਰ ਸਕਦਾ ਉਸ ਨੂੰ ਸਰਕਾਰ ਵਲੋਂ ਬਿਮਾਰੀ ਭੱਤਾ (sickness benefit) ਦਿੱਤਾ ਜਾਂਦਾ ਹੈ।

✔ ਇੱਕ ਵੱਖਰਾ ਮਹਿਕਮਾ ਐਕਸੀਡੈਂਟ ਕੰਪਨਸੇਸ਼ਨ ਕਾਰਪੋਰੇਸ਼ਨ (ACC) ਹੈ। ਹਰ ਕਾਰੋਬਾਰੀ ਇਸ ਮਹਿਕਮੇ ਨੂੰ ਕਾਮਿਆਂ ਦੀ ਤਨਖਾਹ ਦਾ ਢਾਈ ਜਾਂ ਤਿੰਨ ਪ੍ਰਤੀਸ਼ਤ ਦਿੰਦਾ ਹੈ। ਮਾਲਕ ਜਾਂ ਕਾਮੇ ਦੇ ਸੱਟ ਲੱਗਣ ਦੀ ਸੂਰਤ ਵਿੱਚ ਇਹ ਮਹਿਕਮਾ ਤਨਖਾਹ ਦਾ 80% ਤਨਖਾਹ ਦੇ ਰੂਪ ਵਿੱਚ ਦਿੰਦਾ ਹੈ ਅਤੇ ਦਵਾਈਆਂ ਅਤੇ ਡਾਕਟਰ ਦੇ ਖਰਚ ਦਾ ਵੀ ਕਾਫੀ ਹਿੱਸਾ ਦਿੰਦਾ ਹੈ। ਸੱਟ ਭਾਵੇਂ ਕੰਮ ਤੇ, ਘਰ ਜਾਂ ਸੜ੍ਹਕ ਤੇ ਲੱਗੀ ਹੋਵੇ। ਇਹ ਮਹਿਕਮਾ ਦੇਖ ਭਾਲ ਕਰੇਗਾ।

- ✔ ਕੰਪਨੀਆਂ ਦੇ ਮਾਲਕ ਬਿਮਾਰ ਹੋਣ ਦੀ ਸੂਰਤ ਵਿੱਚ ਛੁੱਟੀ ਦੇ ਪੈਸੇ ਦਿੰਦੇ ਹਨ।
- ✔ ਪਬਲਿਕ ਛੁਟੀਆਂ ਦੇ ਪੈਸੇ ਮਿਲਦੇ ਹਨ।
- ✔ ਕਾਮੇ ਆਪਣੀ ਰਿਟਾਇਰਮੈਂਟ ਵਾਸਤੇ ਫੰਡ ਜਮ੍ਹਾਂ ਕਰਨ ਵਾਸਤੇ ਕੀਵੀ ਸੇਵਰ ਨਾਂ ਦੀ ਸਕੀਮ ਵਿੱਚ ਸ਼ਾਮਿਲ ਹੋ ਸਕਦੇ ਹਨ। ਉਸ ਵਾਸਤੇ ਜੇਕਰ ਕਾਮਾ 3% ਪੈਸੇ ਪਾਉਂਦਾ ਹੈ ਤਾਂ ਮਾਲਕ ਵੀ 3% ਪਾਉਂਦਾ ਹੈ ਅਤੇ ਸਰਕਾਰ ਵੀ ਪੈਸੇ ਪਾਉਂਦੀ ਹੈ। ਕਾਮਾ ਇਹ ਪੈਸਾ ਆਪਣਾ ਘਰ ਖਰੀਦਣ ਜਾਂ ਰਿਟਾਇਰਮੈਂਟ ਜਾਂ ਕਿਸੇ ਹੋਰ ਐਮੇਰਜੇਂਸੀ  ਤੇ ਇਸ ਫੰਡ ਨੂੰ ਵਰਤ ਸਕਦਾ ਹੈ।
- ✔ ਘੱਟ ਆਮਦਨ ਵਾਲੇ ਦੇ ਘਰ ਨੂੰ ਜੇਕਰ ਅੱਗ ਲੱਗ ਜਾਵੇ ਤਾਂ ਸਰਕਾਰ ਵਲੋਂ ਜਲੇ ਹੋਏ ਸਮਾਨ ਦੀ ਜਗ੍ਹਾ ਨਵਾਂ ਸਮਾਨ ਖਰੀਦਣ ਵਿੱਚ ਮੱਦਦ ਕੀਤੀ ਜਾਂਦੀ ਹੈ।
- ✔ ਟੈਕਸ ਆਮਦਨ ਦੇ ਹਿਸਾਬ ਨਾਲ ਕੱਟਿਆ ਜਾਂਦਾ ਹੈ। ਇਹ ਤਕਰੀਬਨ 17.5% ਤੋਂ 33% ਦੇ ਵਿੱਚ ਕੱਟ ਹੁੰਦਾ ਹੈ। ਕੰਪਨੀ ਟੈਕਸ 28% ਹੈ। ਜੀ ਐਸ ਟੀ 15% ਹੈ।
- ✔ ਪਹਿਲਾ ਘਰ ਖਰੀਦਣ ਵਾਲੇ ਨੂੰ ਬੈਂਕਾਂ 10% ਡਿਪੋਸਿਟ ਨਾਲ ਘਰ ਦਾ ਕਰਜ਼ਾ ਦੇ ਦਿੰਦੀਆਂ ਹਨ। ਕਿਸੇ ਕਿਸੇ ਨੂੰ 5% ਡਿਪੋਸਿਟ ਤੇ ਵੀ ਕਰਜ਼ਾ ਮਿਲ ਜਾਂਦਾ ਹੈ।
- ✔ ਲਾਇਬ੍ਰੇਰੀਆਂ ਤਕਰੀਬਨ ਸਾਰੇ ਸ਼ਹਿਰਾਂ ਵਿੱਚ ਹਨ ਜਿਥੋਂ ਲਿਆ ਕੇ ਕਿਤਾਬਾਂ ਪੜ੍ਹੀਆਂ ਜਾ ਸਕਦੀਆਂ ਹਨ।
- ✔ ਜਿਨ੍ਹਾਂ ਦੀ ਆਮਦਨ ਘੱਟ ਹੈ। ਉਨ੍ਹਾਂ ਨੂੰ ਜੇਕਰ ਆਪਣੇ ਬੱਚਿਆਂ ਨੂੰ ਇਧਰ ਉਧਰ ਲਿਜਾਣ ਵਾਸਤੇ ਕਾਰ ਦੀ ਲੋੜ ਹੈ ਤਾਂ ਸਰਕਾਰ ਕਾਰ ਖਰੀਦਣ ਵਿੱਚ ਵੀ ਮੱਦਦ ਕਰ ਦਿੰਦੀ ਹੈ।
- ✔ ਸਰਕਾਰ ਵੱਖ ਵੱਖ ਕਿੱਤਿਆਂ ਦੀ ਟਰੇਨਿੰਗ ਲੈਣ ਵਿੱਚ ਵੀ ਮੱਦਦ ਕਰਦੀ ਹੈ।
- ✔ ਵਿਦਿਆਰਥੀਆਂ ਨੂੰ ਪੜ੍ਹਨ ਵਾਸਤੇ ਕਰਜ਼ਾ ਮਿਲ ਜਾਂਦਾ ਹੈ। ਨੌਕਰੀ ਮਿਲਣ ਤੋਂ ਬਾਦ ਕਰਜ਼ਾ ਕਿਸ਼ਤਾਂ ਵਿੱਚ ਮੋੜਿਆ ਜਾ ਸਕਦਾ ਹੈ।
- ✔ ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਬਹੁਤ ਵਧੀਆ ਹੈ ਅਤੇ ਸਸਤੀ ਹੈ। ਮੇਰੇ ਬੱਚੇ ਵੀ ਸਰਕਾਰੀ ਸਕੂਲਾਂ ਵਿੱਚ ਹੀ ਪੜ੍ਹ ਰਹੇ ਹਨ।
- ✔ ਇਸ ਤੋਂ ਇਲਾਵਾ ਬਹੁਤ ਸਾਰੀਆਂ ਲੋਕ ਪੱਖੀ ਸੰਸਥਾਵਾਂ ਲੋੜਵੰਦ ਲੋਕਾਂ ਦੀ ਮੱਦਦ ਕਰਦੀਆਂ ਰਹਿੰਦਿਆਂ ਹਨ।

ਅੱਜ ਮੈਂ ਸੋਚਦਾ ਹਾਂ ਕਿ ਜੇਕਰ ਪੰਜਾਬ ਵਿੱਚ ਰਹਿੰਦਿਆਂ ਮੈਨੂੰ ਕਿਤੇ ਇਨ੍ਹਾਂ ਸਹੂਲਤਾਂ ਵਿੱਚੋਂ ਅੱਧੀਆਂ ਵੀ ਮਿਲ ਜਾਂਦੀਆਂ ਤਾਂ ਮੈਂ ਵਿਦੇਸ਼ ਨਹੀਂ ਸੀ ਆਉਣਾ। ਇਸ ਕਰਕੇ ਕਿਹਾ ਜਾ ਸਕਦਾ ਹੈ ਕਿ ਵਿਦੇਸ਼ ਆਉਣਾ ਬਹੁਤਿਆਂ ਦਾ ਸ਼ੌਂਕ ਨਹੀਂ ਹੁੰਦਾ ਮਜ਼ਬੂਰੀ ਹੁੰਦੀ ਹੈ।

ਮੈਂ ਇਹ ਵੀ ਸੋਚਦਾ ਹਾਂ ਕਿ ਭਾਰਤ ਸਰਕਾਰ ਨੂੰ ਇਹ ਸਾਰੀਆਂ ਸਹੂਲਤਾਂ ਆਪਣੇ ਮੁਲਕ

ਦੇ ਲੋਕਾਂ ਨੂੰ ਵੀ ਦੇਣੀਆਂ ਚਾਹੀਦੀਆਂ ਹਨ ਕਿਉਂਕਿ ਮੈਨੂੰ ਨਹੀਂ ਲਗਦਾ ਕਿ ਭਾਰਤ ਸਰਕਾਰ ਕੋਲ ਕਿਸੇ ਚੀਜ਼ ਦੀ ਘਾਟ ਹੈ।

ਭਾਰਤ ਦਾ ਅੰਨਦਾਤਾ ਕਿਸਾਨ ਜੋ ਸੜਕਾਂ ਤੇ ਕਿਸਾਨ ਵਿਰੋਧੀ ਕਨੂੰਨ ਨੂੰ ਰੱਦ ਕਰਾਉਣ ਲਈ ਆਇਆ ਹੋਇਆ ਹੈ ਦੀ ਮੰਗ ਤੁਰੰਤ ਮੰਨ ਲੈਣੀ ਚਾਹੀਦੀ ਹੈ।

ਜੇ ਨਿਊਜ਼ੀਲੈਂਡ ਵਰਗਾ ਛੋਟਾ ਜਿਹਾ ਮੁਲਕ ਏਨੀਆਂ ਸਹੂਲਤਾਂ ਦੇ ਸਕਦਾ ਹੈ ਤਾਂ ਭਾਰਤ ਕਿਉਂ ਨਹੀਂ ਦੇ ਸਕਦਾ ?

❖❖❖❖❖

# 7

## ਕੀ ਇਹ ਅਜ਼ਾਦੀ ਹੈ?

ਭਾਰਤ ਨੂੰ ਅਜ਼ਾਦੀ ਮਿਲਿਆਂ 73 ਸਾਲ ਹੋ ਚੁੱਕੇ ਹਨ ਪਰ ਇਥੇ ਵਸਦੇ ਬਹੁਤੇ ਲੋਕਾਂ ਨੂੰ ਨੇਤਾਵਾਂ ਨੇ ਅਜ਼ਾਦੀ ਬਾਰੇ ਅਜੇ ਪਤਾ ਨਹੀਂ ਲੱਗਣ ਦਿੱਤਾ ਕਿ ਅਜ਼ਾਦੀ ਕੀ ਹੁੰਦੀ ਹੈ ? ਇਸ ਵਿੱਚ ਸ਼ਾਇਦ ਲੋਕਾਂ ਦਾ ਕਸੂਰ ਵੀ ਬਹੁਤਾ ਨਹੀਂ ਹੈ ਕਿਉਂਕਿ ਉਨ੍ਹਾਂ ਕਦੇ ਅਜ਼ਾਦੀ ਦੇਖੀ ਹੀ ਨਹੀਂ। ਜਿਹੜੀ ਚੀਜ਼ ਕਦੇ ਦੇਖੀ ਹੀ ਨਹੀਂ ਉਸ ਦੀ ਮੰਗ ਵੀ ਬਹੁਤ ਘੱਟ ਲੋਕ ਹੀ ਕਰਨਗੇ। ਜਿਨ੍ਹਾਂ ਦੇ ਪਰਿਵਾਰਕ ਮੈਂਬਰ ਵਿਦੇਸ਼ਾਂ ਵਿੱਚ ਚਲੇ ਜਾਂਦੇ ਹਨ ਅਤੇ ਉਹ ਉਥੇ ਮਿਲਦੀਆਂ ਸਹੂਲਤਾਂ ਅਤੇ ਸਰਕਾਰਾਂ ਦੀ ਕਾਰਗੁਜ਼ਾਰੀ ਬਾਰੇ ਭਾਰਤ ਵਿੱਚ ਵਸਦੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਦੱਸਦੇ ਹਨ ਤਾਂ ਉਨ੍ਹਾਂ ਨੂੰ ਕੁੱਝ ਅਜ਼ਾਦੀ ਬਾਰੇ ਪਤਾ ਚੱਲਦਾ ਹੈ।

ਭਾਰਤ ਵਿੱਚ ਵਸਦੇ ਬਹੁਤੇ ਲੋਕ ਮਾਨਸਿਕ ਤੌਰ ਤੇ ਗੁਲਾਮ ਹਨ। ਭਾਵ ਕਿ ਉਹ ਆਪਣੇ ਆਪ ਤੋਂ ਹੀ ਅਜ਼ਾਦੀ ਨਹੀਂ ਪ੍ਰਾਪਤ ਕਰ ਸਕੇ। ਉਹ ਹਮੇਸ਼ਾਂ ਦੂਜੇ ਦੇ ਪਿੱਛੇ ਹੀ ਲਗਦੇ ਹਨ। ਇਸ ਦਾ ਫਾਇਦਾ ਉਠਾਉਂਦਿਆਂ ਚਲਾਕ ਲੋਕ ਉਨ੍ਹਾਂ ਨੂੰ ਆਪਣੇ ਪਿੱਛੇ ਲਗਾ ਕੇ ਆਪੋ ਆਪਣਾ ਫਾਇਦਾ ਲੈ ਰਹੇ ਹਨ ਅਤੇ ਆਮ ਲੋਕਾਂ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ।

ਮਾਨਸਿਕ ਤੌਰ ਤੇ ਗੁਲਾਮ ਲੋਕਾਂ ਨੂੰ ਰਾਜਨੀਤਕ ਤੌਰ ਤੇ, ਧਾਰਮਿਕ ਤੌਰ ਤੇ ਅਤੇ ਡੇਰਿਆਂ ਦੁਆਰਾ ਬੜੇ ਅਰਾਮ ਨਾਲ ਆਪਣੇ ਫਾਇਦਿਆਂ ਲਈ ਵਰਤਿਆ ਜਾਂਦਾ ਹੈ ਭਾਵ ਉਨ੍ਹਾਂ ਦੀ ਆਰਥਿਕ, ਮਾਨਸਿਕ ਅਤੇ ਸਰੀਰਕ ਲੁੱਟ ਕੀਤੀ ਜਾਂਦੀ ਹੈ।

ਸਰਕਾਰਾਂ ਦੁਆਰਾ ਲੋਕਾਂ ਨੂੰ ਉਹ ਚੀਜ਼ਾਂ ਦਿਤੀਆਂ ਜਾਂਦੀਆਂ ਹਨ ਜਿਸ ਨਾਲ ਲੋਕਾਂ ਵਿੱਚ ਗੁਲਾਮੀ ਕਾਇਮ ਰਹਿ ਸਕੇ ਜਿਸ ਤਰ੍ਹਾਂ ਡੇਰੇ, ਧਾਰਮਿਕ ਅਸਥਾਨ ਅਤੇ ਮੜ੍ਹੀਆਂ ਮਸੀਤਾਂ

ਆਦਿ। ਫਿਰ ਇਨ੍ਹਾਂ ਥਾਵਾਂ ਤੋਂ ਲੋਕਾਂ ਨੂੰ ਦੱਸਿਆ ਜਾਂਦਾ ਹੈ ਕਿ ਤੁਸੀਂ ਪਿਛਲੇ ਜਨਮਾਂ ਦਾ ਫ਼ਲ ਭੁਗਤ ਰਹੇ ਹੋ, ਜੋ ਤੁਹਾਡੀ ਕਿਸਮਤ ਵਿੱਚ ਲਿਖਿਆ ਹੋਇਆ ਹੈ ਉਹ ਤੁਹਾਨੂੰ ਮਿਲ ਹੀ ਜਾਣਾ ਹੈ, ਕਿਸਮਤ ਵਿੱਚ ਲਿਖੇ ਨੂੰ ਕੋਈ ਮਿਟਾ ਨਹੀਂ ਸਕਦਾ, ਉੱਪਰ ਵਾਲੇ ਨੂੰ ਤੁਹਾਡਾ ਸਭ ਦਾ ਫਿਕਰ ਹੈ ਆਦਿ। ਇਹ ਗੱਲਾਂ ਇਸ ਕਰਕੇ ਲੋਕਾਂ ਨੂੰ ਦੱਸੀਆਂ ਜਾਂਦੀਆਂ ਹਨ ਤਾਂ ਕਿ ਉਹ ਸਰਮਾਏਦਾਰੀ ਪ੍ਰਤੀ ਬਗਾਵਤ ਨਾ ਕਰਨ। ਇਨ੍ਹਾਂ ਵਿੱਚੋਂ ਕਈ ਅਸਥਾਨਾਂ ਤੇ ਛੇੜ ਛਾੜ ਜਾਂ ਬਲਾਤਕਾਰ ਤੱਕ ਹੁੰਦੇ ਰਹਿੰਦੇ ਹਨ ਪਰ ਫਿਰ ਵੀ ਬਹੁਤੇ ਲੋਕ ਇਸ ਨੂੰ ਰੱਬੀ ਭਾਣਾ ਮੰਨ ਕੇ ਚੁੱਪ ਕਰ ਜਾਂਦੇ ਹਨ ਜਾਂ ਡੇਰਿਆਂ ਦੀ ਉੱਪਰ ਤੱਕ ਪਹੁੰਚ ਕਰਕੇ ਚੁੱਪ ਕਰ ਜਾਂਦੇ ਹਨ। ਇਨ੍ਹਾਂ ਅਸਥਾਨਾਂ ਦੀ ਸਰਕਾਰੇ ਦਰਬਾਰੇ ਵੀ ਬਹੁਤ ਪਹੁੰਚ ਹੁੰਦੀ ਹੈ ਕਿਉਂਕਿ ਦੋਨੋਂ ਧਿਰਾਂ ਨੂੰ ਇੱਕ ਦੂਜੇ ਦੀ ਲੋੜ ਹੁੰਦੀ ਹੈ। ਸਰਕਾਰਾਂ ਨੂੰ ਇਨ੍ਹਾਂ ਅਸਥਾਨਾਂ ਦੇ ਸ਼ਰਧਾਲੂਆਂ ਤੋਂ ਵੋਟਾਂ ਦੀ ਲੋੜ ਹੁੰਦੀ ਹੈ ਅਤੇ ਇਨ੍ਹਾਂ ਅਸਥਾਨਾਂ ਨੂੰ ਸਰਕਾਰਾਂ ਤੋਂ ਪੈਸੇ ਅਤੇ ਹੋਰ ਸਹੂਲਤਾਂ ਦੀ ਲੋੜ ਹੁੰਦੀ ਹੈ ਪਰ ਦੋਨੋਂ ਧਿਰਾਂ ਵਿੱਚ ਆਮ ਲੋਕੀਂ ਬੇਲੋੜਾ ਪੀੜੇ (ਪਿਸ) ਜਾਂਦੇ ਹਨ।

ਜਿਹੜੀ ਕਸਰ ਬਚ ਜਾਂਦੀ ਹੈ ਤਾਂ ਉਹ ਟੀ ਵੀ ਸੀਰੀਅਲ, ਟੀ ਵੀ ਚੈਨਲ ਜਾਂ ਬਹੁਤੀਆਂ ਫ਼ਿਲਮਾਂ ਵਾਲੇ ਕੱਢ ਦਿੰਦੇ ਹਨ। ਇਨ੍ਹਾਂ ਸਾਧਨਾਂ ਨੂੰ ਵੱਡੇ ਵੱਡੇ ਸਰਮਾਏਦਾਰ ਸਪੌਂਸਰ ਕਰਦੇ ਹਨ ਅਤੇ ਪ੍ਰਚਾਰ ਵੀ ਉਹ ਮਰਜ਼ੀ ਦਾ ਹੀ ਕਰਵਾਉਂਦੇ ਹਨ। ਲੋਕ ਇਨ੍ਹਾਂ ਝੂਠੀਆਂ ਕਹਾਣੀਆਂ ਨੂੰ ਸੁਣਨ ਵਾਸਤੇ ਆਪਣੇ ਜ਼ਰੂਰੀ ਕੰਮ ਵੀ ਛੱਡ ਲੈਂਦੇ ਹਨ।

ਇਸ ਸਭ ਕੁੱਝ ਤੋਂ ਉੱਪਰ ਉੱਠ ਕੇ ਮਨੁੱਖ ਨੂੰ ਕਦੇ ਆਪਣੀ ਅਜ਼ਾਦੀ ਜਾਂ ਸਮਾਜਕ ਅਜ਼ਾਦੀ ਦਾ ਖਿਆਲ ਹੀ ਨਹੀਂ ਆਉਂਦਾ। ਜੇ ਕੁੱਝ ਸੂਝਵਾਨ ਲੋਕ ਅਜ਼ਾਦੀ ਦੀ ਗੱਲ ਕਰਨ ਜਾਂ ਉਨ੍ਹਾਂ ਨੂੰ ਅਜ਼ਾਦੀ ਬਾਰੇ ਦੱਸਣ ਦੀ ਕੋਸ਼ਿਸ਼ ਕਰਨ ਤਾਂ ਉਨ੍ਹਾਂ ਨੂੰ ਉਹ ਲੋਕ ਹੀ ਓਪਰੇ ਲੱਗਣ ਲੱਗ ਪੈਂਦੇ ਹਨ ਕਿਉਂਕਿ ਉਨ੍ਹਾਂ ਨੂੰ ਲਗਦਾ ਹੈ ਕਿ ਉਹ ਓਪਰੀਆਂ ਗੱਲਾਂ ਕਰਦੇ ਹਨ।

ਅੱਜ ਭਾਰਤ ਦਾ ਇਹ ਹਾਲ ਹੋ ਚੁੱਕਾ ਹੈ ਕਿ ਗਰੀਬ ਦੀ ਧੀ ਦਾ ਬਲਾਤਕਾਰ ਕਰਕੇ ਹੱਤਿਆ ਕਰ ਦਿੱਤੀ ਜਾਵੇ ਤਾਂ ਉਸ ਨੂੰ ਚੋਰੀਂ ਦਫਨਾ ਦਿੱਤਾ ਜਾਂਦਾ ਹੈ ਅਤੇ ਮੁਲਕ ਦੇ ਬਹੁਤੇ ਲੋਕ ਹਾਅ ਦਾ ਨਾਅਰਾ ਵੀ ਨਹੀਂ ਮਾਰਦੇ ਪਰ ਜੇ ਕਿਤੇ ਗਊ ਦੀ ਹੱਤਿਆ ਹੋ ਜਾਵੇ ਤਾਂ ਕਈ ਸ਼ਹਿਰ ਜਲਾ ਦਿੱਤੇ ਜਾਂਦੇ ਹਨ ਅਤੇ ਅਣਗਿਣਤ ਇਨਸਾਨਾਂ ਦਾ ਕਤਲ ਕਰ ਦਿੱਤਾ ਜਾਂਦਾ ਹੈ। ਹਾਲਾਂਕਿ ਕਤਲ ਹੋਣ ਵਾਲੇ ਇਨਸਾਨਾਂ ਦਾ ਗਊ ਦੇ ਕਤਲ ਨਾਲ ਕੋਈ ਸਬੰਧ ਵੀ ਨਹੀਂ ਹੁੰਦਾ। ਇਸ ਤੋਂ ਸਾਫ ਪਤਾ ਲਗਦਾ ਹੈ ਕਿ ਅਸੀਂ ਇਨਸਾਨਾਂ ਨਾਲੋਂ ਜਾਨਵਰਾਂ ਦੀ ਕਦਰ ਵੱਧ ਕਰਦੇ ਹਾਂ।

ਭਾਰਤ ਹੀ ਮਹਾਨ ਦੇਸ਼ ਹੈ ਜਿਥੇ ਗਊਆਂ ਸੜਕਾਂ ਤੇ ਫਿਰਦੀਆਂ ਹਨ ਅਤੇ ਕਈ ਹਾਦਸਿਆਂ ਦੀਆਂ ਜਿੰਮੇਂਵਾਰ ਹਨ। ਇਹ ਗਊਆਂ ਕਈ ਲੋਕਾਂ ਨੂੰ ਜਖ਼ਮੀ ਕਰਦੀਆਂ ਹਨ ਪਰ ਉਥੇ ਕਿਸੇ ਦੀ ਕੋਈ ਸੁਣਵਾਈ ਨਹੀਂ ਹੋ ਰਹੀ।

ਅੱਜ ਜਿਥੇ ਵਿਦੇਸ਼ੀ ਤਰੱਕੀ ਦੀਆਂ ਮੰਜਿਲਾਂ ਨੂੰ ਛੂਹ ਰਹੇ ਹਨ ਅਸੀਂ ਭਾਰਤ ਵਿੱਚ ਔਰਤ ਨੂੰ ਸੁਰੱਖਿਆ ਵੀ ਨਹੀਂ ਦੇ ਸਕੇ। ਔਰਤ ਆਪਣੇ ਘਰ ਵਿੱਚ ਸੁਰੱਖਿਅਤ ਨਹੀਂ, ਆਪਣੇ ਪਿੰਡ ਵਿੱਚ ਸੁਰੱਖਿਅਤ ਨਹੀਂ, ਆਪਣੇ ਦੇਸ਼ ਵਿੱਚ ਸੁਰੱਖਿਅਤ ਨਹੀਂ, ਸਕੂਲਾਂ ਵਿੱਚ ਸੁਰੱਖਿਅਤ ਨਹੀਂ ਅਤੇ ਧਾਰਮਿਕ ਅਸਥਾਨਾਂ ਵਿੱਚ ਵੀ ਸੁਰੱਖਿਅਤ ਨਹੀਂ ਹੈ। ਫਿਰ ਅਸੀਂ ਬੜੇ ਮਾਣ ਨਾਲ ਔਰਤ ਦੀ ਬਰਾਬਰਤਾ ਦੀ ਗੱਲ ਕਰਦੇ ਹਾਂ, ਆਪਣੇ ਕਲਚਰ ਤੇ ਮਾਣ ਕਰਦੇ ਹਾਂ, ਆਪਣੇ ਧਰਮ ਤੇ ਮਾਣ ਕਰਦੇ ਹਾਂ। ਗੀਤਾਂ ਵਿੱਚ ਅਸੀਂ ਰਫਲਾਂ ਚੁੱਕ ਲਈਆਂ, ਦੁਨਾਲੀਆਂ ਅਤੇ ਪਿਸਤੌਲ ਚੁੱਕ ਲਏ ਪਰ ਕਿੱਡੀ ਸ਼ਰਮ ਦੀ ਗੱਲ ਹੈ ਕਿ ਇਹ ਚੁੱਕਣ ਦੇ ਬਾਵਯੂਦ ਸਾਡੇ ਤੋਂ ਆਪਣੀਆਂ ਕੁੜੀਆਂ, ਧੀਆਂ, ਭੈਣਾਂ ਸੁਰੱਖਿਅਤ ਨਹੀਂ ਕਰ ਹੋਈਆਂ। ਅਸੀਂ ਕਿਸ ਤਰਾਂ ਦੇ ਯੋਧੇ ਹਾਂ ਅਤੇ ਅਸੀਂ ਕਿਹੜੀ ਅਜ਼ਾਦੀ ਪ੍ਰਾਪਤ ਕੀਤੀ ਹੈ ? ਕੀ ਅਸੀਂ ਮਜ਼ਲੂਮਾਂ ਤੇ ਜ਼ੁਲਮ ਕਰਨ ਵਾਲੇ ਯੋਧੇ ਤਾਂ ਨਹੀਂ ?

ਅੱਜ ਸਾਨੂੰ ਸਭ ਨੂੰ ਸੋਚਣ ਦੀ ਲੋੜ ਹੈ ਕਿ ਅਸੀਂ ਅਸਲੀਅਤ ਨਾਲੋਂ ਵੱਧ ਦਿਖਾਵਾ ਤਾਂ ਨਹੀਂ ਕਰ ਰਹੇ ? ਇਹ ਵੀ ਸੋਚਣ ਦੀ ਲੋੜ ਹੈ ਕਿ ਅਜ਼ਾਦੀ ਕੀ ਹੁੰਦੀ ਹੈ ਅਤੇ ਉਸ ਨੂੰ ਪਾਉਣ ਲਈ ਕੀ ਉਪਰਾਲੇ ਕਰਨੇ ਪੈਂਦੇ ਹਨ ? ਇਸ ਸਭ ਕੁੱਝ ਦਾ ਪਤਾ ਲੋਕ ਪੱਖੀ ਸੰਸਥਾਵਾਂ ਨਾਲ ਜੁੜ ਕੇ ਜਾਂ ਲੋਕ ਪੱਖੀ ਲਿਟਰੇਚਰ (ਕਿਤਾਬਾਂ) ਪੜ੍ਹ ਕੇ ਹੀ ਲੱਗ ਸਕਦਾ ਹੈ। ਆਓ ਸਮੇਂ ਦੀ ਲੋੜ ਨੂੰ ਸਮਝੀਏ ਨਹੀਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਵਾਬ ਦੇਣ ਜੋਗੇ ਨਹੀਂ ਰਹੋਗੇ।

ਆਓ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ  ਅਤੇ ਉਨ੍ਹਾਂ ਦੇ ਸਾਥੀਆਂ ਦੇ ਸੁਪਨਿਆਂ ਵਾਲੀ ਅਜ਼ਾਦੀ ਲਈ ਰਲ ਕੇ ਉਪਰਾਲੇ ਕਰੀਏ।

❖❖❖❖❖

# # 8

# ਨਿਊਜ਼ੀਲੈਂਡ 'ਚ ਖਰ ਖਰੀਦਣ ਸਮੇਂ ਕਿਸ–ਕਿਸ ਚੀਜ਼ ਦਾ ਸੌਦਾ ਕਰਨ ਦੀ ਲੋੜ ਹੁੰਦੀ ਹੈ?

## *ਆਪਣੇ ਤਜਰਬੇ ਤੇ ਅਧਾਰਤ*

ਬਹੁਤ ਸਾਰੇ ਲੋਕਾਂ ਨੇ ਘਰਾਂ ਦੇ ਮਾਲਕਾਂ ਨੂੰ ਨਿਊਜ਼ੀਲੈਂਡ ਵਿੱਚ ਪੈਸਾ ਬਣਾਉਂਦਿਆਂ ਦੇਖਿਆ ਹੋਵੇਗਾ। ਸ਼ਾਇਦ ਤੁਸੀਂ ਵੀ ਉਨ੍ਹਾਂ ਲੋਕਾਂ ਵਿੱਚ ਸ਼ਾਮਿਲ ਹੋਵੋ।

ਰੀਅਲ ਅਸਟੇਟ ਵਿੱਚ ਕੰਮ ਕਰਨ ਵਾਲੇ ਏਜੰਟਾਂ ਨੇ ਤਾਂ ਜ਼ਰੂਰ ਬਹੁਤ ਸਾਰੇ ਲੋਕਾਂ ਨੂੰ ਪੈਸਾ ਬਣਾਉਂਦੇ ਦੇਖਿਆ ਹੋਵੇਗਾ ਜਾਂ ਸੁਣਿਆ ਹੋਵੇਗਾ।

ਕਈਆਂ ਨੇ ਦੂਜਿਆਂ ਨੂੰ ਦੇਖ ਕੇ ਕਾਪੀ ਕਰਨ ਦੀ ਕੋਸ਼ਿਸ਼ ਵੀ ਕੀਤੀ ਹੋਵੇਗੀ ਅਤੇ ਉਸ ਵਿੱਚ ਬਹੁਤ ਫੇਲ੍ਹ ਵੀ ਹੋਏ ਹੋਣਗੇ। ਜਿਹੜੇ ਕਾਮਯਾਬ ਹੋਏ ਹੋਣਗੇ ਉਹ ਵੀ ਦੂਜਿਆਂ ਦੇ ਮੁਕਾਬਲੇ ਬਹੁਤ ਘੱਟ ਕਾਮਯਾਬ ਹੋਏ ਹੋਣਗੇ।

ਇਸ ਦੀ ਵਜ੍ਹਾ ਕੀ ਹੈ ? ਕਿਉਂ ਕੁੱਝ ਲੋਕ ਬਹੁਤ ਕਾਮਯਾਬ ਹੁੰਦੇ ਹਨ ? ਕੁੱਝ ਥੋੜ੍ਹਾ ਕਾਮਯਾਬ ਹੁੰਦੇ ਅਤੇ ਕੁੱਝ ਬਿਲਕੁਲ ਹੀ ਫੇਲ੍ਹ ਹੋ ਜਾਂਦੇ ਹਨ ? ਇਸ ਦਾ ਕਾਰਨ ਹੈ ਇਸ ਕੰਮ ਪ੍ਰਤੀ ਵੱਖ ਵੱਖ ਲੈਵਲ ਦਾ ਗਿਆਨ ਹੋਣਾ।

ਤੁਸੀਂ ਬੜੇ ਹੈਰਾਨ ਹੋਵੋਗੇ ਕਿ ਘਰ ਖਰੀਦਣ ਜਾਂ ਵੇਚਣ ਲਈ ਕਿਹੜੇ ਗਿਆਨ ਦੀ ਲੋੜ ਹੈ ? ਬੱਸ ਇਹੀ ਮਸਲਾ ਹੈ ਕਿ ਜਿਸ ਵੇਲੇ ਅਸੀਂ ਕਿਸੇ ਚੀਜ਼ ਪ੍ਰਤੀ ਵੱਧ ਜਾਣਕਾਰੀ ਇਕੱਠੀ ਨਹੀਂ ਕਰਦੇ ਤਾਂ ਉਹੀ ਚੀਜ਼ ਸਾਡੇ ਲਈ ਘਾਟਾ ਪਾਉਣ ਵਾਲੀ  ਸਾਬਤ ਹੁੰਦੀ ਹੈ।

ਇਹ ਗੱਲ ਬਹੁਤ ਸਾਰੇ ਲੋਕ ਜਾਣਦੇ ਹਨ ਕਿ ਘਰ ਵਧੀਆ ਇਲਾਕੇ ਵਿੱਚ ਖਰੀਦ ਲਵੋ ਅਤੇ ਕੁੱਝ ਸਾਲ ਰੱਖੋ ਤਾਂ ਇਸ ਦੀ ਕੀਮਤ ਵਧ ਜਾਵੇਗੀ ਤੇ ਤੁਸੀਂ ਲੱਖਪਤੀ ਹੋ ਜਾਵੋਗੇ ਜਾਂ ਤੁਸੀਂ ਘਰਾਂ ਦੀ ਬੋਲੀ ਹੁੰਦੇ ਤੇ ਸੁਣਿਆ ਹੋਵੇਗਾ ਲੋਕੇਸ਼ਨ, ਲੋਕੇਸ਼ਨ, ਲੋਕੇਸ਼ਨ।

ਹੁਣ ਦੇਖਣ ਦੀ ਲੋੜ ਹੈ ਕਿ ਜਿਹੜੇ ਲੋਕ ਵਧੀਆ ਲੋਕੇਸ਼ਨ ਤੇ ਘਰ ਨਹੀਂ ਖਰੀਦਦੇ ਤਾਂ ਕੀ ਉਹ ਘਾਟੇ ਵਿੱਚ ਜਾਂਦੇ ਹਨ ? ਇਹ ਕੌੜਾ ਸੱਚ ਹੈ ਕਿ ਉਹ ਘਾਟੇ ਵਿੱਚ ਨਹੀਂ ਜਾਂਦੇ। ਮੈਂ ਦਾਅਵੇ ਨਾਲ ਤਾਂ ਕਹਿ ਸਕਦਾ ਹਾਂ ਕਿਉਂਕਿ ਮੈਂ ਬਹੁਤ ਵਾਰ ਘਟੀਆ ਲੋਕੇਸ਼ਨ ਵਿੱਚ ਘਰ ਖਰੀਦੇ ਅਤੇ ਮੁਨਾਫ਼ਾ ਖੱਟਿਆ ਅਤੇ ਕਈ ਵਾਰ ਮੁਨਾਫ਼ਾ ਵਧੀਆ ਲੋਕੇਸ਼ਨ ਨਾਲੋਂ ਵੀ ਵੱਧ ਖੱਟਿਆ।

ਲੋਕੇਸ਼ਨ ਤੋਂ ਉੱਪਰ ਕਦੇ ਅਸੀਂ ਜਾਨਣ ਦੀ ਕੋਸ਼ਿਸ਼ ਨਹੀਂ ਕਰਦੇ। ਘਰ ਖਰੀਦਣਾ ਲੱਖਾਂ ਡਾਲਰਾਂ ਦਾ ਕੰਮ ਹੁੰਦਾ ਹੈ। ਵਿਦੇਸ਼ਾਂ ਵਿੱਚ ਆ ਕੇ ਜੇਕਰ ਤੁਸੀਂ ਕੋਈ ਮਹਿੰਗੀ ਚੀਜ਼ ਖਰੀਦਦੇ ਹੋ ਤਾਂ ਉਹ ਘਰ ਹੁੰਦਾ ਹੈ। ਹੈਰਾਨੀ ਇਸ ਗੱਲ ਦੀ ਹੁੰਦੀ ਹੈ ਕਿ ਜਦੋਂ ਅਸੀਂ ਦੁੱਧ ਦੀ ਬੋਤਲ ਜਾਂ ਆਟੇ ਦਾ ਬੈਗ ਖਰੀਦਦੇ ਹਾਂ ਤਾਂ ਅਸੀਂ ਸਸਤੀ ਦੁਕਾਨ ਲੱਭਦੇ ਹਾਂ ਪਰ ਸਭ ਤੋਂ ਮਹਿੰਗੀ ਚੀਜ਼ ਘਰ ਖਰੀਦਣ ਵਿੱਚ ਅਸੀਂ  ਅਣਗਿਹਲੀ ਕਿਉਂ ਕਰਦੇ ਹਾਂ ?

ਅੱਜ ਹੇਠ ਲਿਖੇ ਮੁਤਾਬਕ ਕੁੱਝ ਨੁਕਤਿਆਂ ਤੇ ਵਿਚਾਰ ਸਾਂਝੇ ਕਰਾਂਗਾ:

✔ ਜੇਕਰ ਤੁਸੀਂ ਇੱਕ ਘਰ ਖਰੀਦ ਕੇ ਉਸ ਦੀ ਕੀਮਤ ਕੁੱਝ ਸਾਲਾਂ ਬਾਦ ਵਧਣ ਉਪਰੰਤ ਵੇਚ ਕੇ ਕੁੱਝ ਲੱਖ ਡਾਲਰ ਬਣਾ ਲੈਂਦੇ ਹੋ ਤਾਂ ਤੁਸੀਂ ਆਪਣੇ ਆਪ ਨੂੰ ਇਸ ਖੇਤਰ ਦੇ ਵਧੀਆ ਬਿਜਨਸ ਮੈਨ ਨਾ ਸਮਝੋ ਕਿਉਂਕਿ ਇਸ ਵਿੱਚ ਤੁਸੀਂ ਦੂਜਿਆਂ ਨਾਲੋਂ ਕੁੱਝ ਵੱਖਰਾ ਨਹੀਂ ਕੀਤਾ। ਕੀਮਤ ਸਾਰਿਆਂ ਦੇ ਘਰਾਂ ਦੀ ਵਧੀ ਹੈ ਤੁਹਾਡੀ ਇਕੱਲਿਆਂ ਦੀ ਨਹੀਂ। ਉਦਾਹਰਣ ਦੇ ਤੌਰ ਤੇ ਜੇ ਤੁਸੀਂ ਦੋ ਘਰ ਇਕੋ ਜਿਹੇ ਇਕੋ ਸਮੇਂ ਚਾਰ ਚਾਰ ਲੱਖ ਦੇ ਖਰੀਦੇ ਹੁੰਦੇ। ਇੱਕ ਆਪਣੇ ਨਾਂ ਕਰ ਲੈਂਦੇ ਅਤੇ ਇੱਕ ਆਪਣੇ ਇੱਕ ਸਾਲ ਦੇ ਬੱਚੇ ਦੇ ਨਾਮ। ਦੋਨੋਂ ਘਰ ਪੰਜ ਸਾਲਾਂ ਬਾਦ ਛੇ ਛੇ ਲੱਖ ਦੇ ਵੇਚ ਦਿੰਦੇ। ਹੁਣ ਬੱਚੇ ਨੂੰ ਘਰਾਂ ਬਾਰੇ ਗਿਆਨ ਨਹੀਂ ਸੀ ਪਰ ਫਾਇਦਾ ਉਸ ਨੂੰ ਤੁਹਾਡੇ ਜਿੰਨ੍ਹਾਂ ਹੀ ਹੋਇਆ। ਇਸ ਕਰਕੇ ਦੋਨਾਂ ਧਿਰਾਂ ਦੀ ਇਸ ਵਿੱਚ ਕੋਈ ਕਾਮਯਾਬੀ ਨਹੀਂ ਹੈ ਜਾਂ ਦੋਨਾਂ ਧਿਰਾਂ ਦੀ ਕਾਮਯਾਬੀ ਇਕੋ ਜਿਹੀ ਹੈ।

✔ ਘਰ ਖਰੀਦਣ ਵੇਲੇ ਪਹਿਲਾਂ ਘਰ ਦੀ ਸਹੀ ਕੀਮਤ ਪਤਾ ਕਰੋ। ਇਸ ਵਾਸਤੇ ਰੀਅਲ ਅਸਟੇਟ ਦੇ ਏਜੇਂਟ ਤੋਂ ਇਲਾਕੇ ਦੀ ਅਪ ਟੂ ਡੇਟ ਸੇਲਸ ਰਿਪੋਰਟ ਲੈ ਸਕਦੇ ਹੋ ਜਿਸ ਤੋਂ ਤੁਹਾਨੂੰ ਪਤਾ ਲੱਗ ਸਕੇਗਾ ਕਿ ਘਰ ਦੀ ਸਹੀ ਕੀਮਤ ਕੀ ਹੈ ?

✔ ਘਰ ਦੀ ਕੀਮਤ ਪਤਾ ਕਰਨ ਲਈ ਰਜਿਸਟਰਡ ਵੈਲਿਊਏਸ਼ਨ ਕਰਵਾ ਸਕਦੇ ਹੋ।

ਇਸ ਦਾ ਖਰਚਾ ਛੇ ਸੌ ਡਾਲਰ ਦੇ ਕਰੀਬ ਪਵੇਗਾ ਪਰ ਤੁਸੀਂ ਘਰ ਦੀ ਵੱਧ ਕੀਮਤ ਦੇਣੋ ਬਚ ਜਾਵੋਗੇ।

- ਤੁਸੀਂ ਘਰ ਜਿੰਨ੍ਹਾਂ ਉਸ ਦੀ ਅਸਲੀ ਕੀਮਤ ਤੋਂ ਘੱਟ ਖਰੀਦਦੇ ਹੋ ਉਹ ਤੁਹਾਡੀ ਕਮਾਈ ਹੈ। ਭਾਵ ਜੇ ਤੁਸੀਂ ਘਰ ਸਸਤਾ ਖਰੀਦ ਲਿਆ ਤਾਂ ਤੁਸੀਂ ਉਸ ਨੂੰ ਬਿਨਾਂ ਵੇਚੇ ਹੀ ਪੈਸੇ ਬਣਾ ਲਏ।
- ਘਰ ਦੀ ਇੰਸ਼ੋਰੈਂਸ ਕੰਪਨੀ ਨਾਲ ਸੌਦਾ ਕਰੋ। ਜਿੰਨੀਂ ਸਸਤੀ ਇੰਸ਼ੋਰੈਂਸ ਹੋਵੇਗੀ ਓਨੇ ਪੈਸੇ ਤੁਹਾਨੂੰ ਹਰ ਸਾਲ ਬਚਣਗੇ।
- ਇੰਸ਼ੋਰੈਂਸ ਪਾਲਿਸੀ ਨੂੰ ਚੰਗੀ ਤਰਾਂ ਪੜ੍ਹ ਕੇ ਜਾਣੋ ਕਿ ਪਾਲਿਸੀ ਵਿੱਚ ਕੀ ਕੀ ਕਵਰ ਹੈ ?
- ਬੈਂਕ ਨਾਲ ਸੌਦਾ ਕਰੋ ਤਾਂ ਕਿ ਉਹ ਤੁਹਾਡੇ ਕੋਲੋਂ ਲੋਨ ਦੀ ਅਰਜ਼ੀ ਦੀ ਫੀਸ ਨਾ ਮੰਗੇ।
- ਬੈਂਕ ਨੂੰ ਪੁੱਛੋ ਕਿ ਉਹ ਵਕੀਲ ਦਾ ਖਰਚਾ ਦੇਣ। ਕਈ ਵਾਰ ਉਹ ਮੰਨ ਜਾਂਦੇ ਹਨ।
- ਬੈਂਕ ਦੇ ਨਾਲ ਕਰਜ਼ੇ ਦੇ ਵਿਆਜ ਦਾ ਸੌਦਾ ਕਰੋ।
- ਜੇਕਰ ਘਰ ਵਿੱਚ ਮੁਰੰਮਤ ਕਰਵਾਉਣੀ ਹੈ ਤਾਂ ਸਮਾਨ ਘੱਟ ਕੀਮਤ ਤੇ ਲੱਭੋ।
- ਜੇਕਰ ਘਰ ਕਿਰਾਏ ਤੇ ਦੇਣਾ ਹੈ ਤਾਂ ਇਲਾਕੇ ਵਿੱਚ ਘਰਾਂ ਦੇ ਕਿਰਾਏ ਦਾ ਪਤਾ ਕੀਤਾ ਜਾਵੇ। ਫਿਰ ਹੀ ਤੁਹਾਨੂੰ ਪਤਾ ਲੱਗੇਗਾ ਕਿ ਕਿੰਨਾ ਕਿਰਾਇਆ ਲੈਣਾ ਚਾਹੀਦਾ ਹੈ ?
- ਘਰ ਦੀ ਕੀਮਤ ਵਧਾਉਣ ਲਈ ਉਥੇ ਕਾਰਪੋਰਟ ਜਾਂ ਗੈਰਾਜ ਕੌਂਸਿਲ ਦੀ ਇਜਾਜ਼ਤ ਨਾਲ ਛੱਤ ਸਕਦੇ ਹੋ।
- ਘਰ ਦੀ ਕੀਮਤ ਵਧਾਉਣ ਲਈ ਗਾਰਡਨ ਸ਼ੈੱਡ ਜਾਂ ਡੈੱਕ (deck) ਬਣਾ ਸਕਦੇ ਹੋ।
- ਜੇ ਇੱਕ ਹੋਰ ਕਮਰਾ ਬਣਦਾ ਹੋਵੇ ਤਾਂ ਕੌਂਸਿਲ ਦੀ ਇਜਾਜ਼ਤ ਨਾਲ ਕਮਰਾ ਬਣਾ ਲੈਣਾ ਚਾਹੀਦਾ ਹੈ। ਇਸ ਤਰਾਂ ਘਰ ਦੀ ਕੀਮਤ ਵਧਣ ਦੇ ਨਾਲ ਨਾਲ ਘਰ ਦਾ ਕਿਰਾਇਆ ਵੀ ਵਧ ਜਾਂਦਾ ਹੈ। ਵਧਿਆ  ਹੋਇਆ ਕਿਰਾਇਆ ਤੁਹਾਨੂੰ ਹਰ ਹਫਤੇ ਫਾਇਦਾ ਦਿੰਦਾ ਹੈ ਲ ਜਿਹੜੇ ਲੋਕ ਉੱਪਰ ਲਿਖੀਆਂ ਸਭ ਚੀਜ਼ਾਂ ਦਾ ਸੌਦਾ ਕਰਦੇ ਹਨ ਉਹ ਘਰਾਂ ਦੇ ਕੰਮ ਵਿੱਚ ਦੂਜਿਆਂ ਦੇ ਮੁਕਾਬਲੇ ਬਹੁਤ ਵਧੀਆ ਪੈਸਾ ਬਣਾਉਂਦੇ ਹਨ।

ਹਮੇਸ਼ਾਂ ਇਹ ਗੱਲ ਯਾਦ ਰੱਖੋ ਕਿ ਤਿਪਕਾ ਤਿਪਕਾ ਕਰਕੇ ਹੀ ਤਲਾਬ ਬਣਦਾ ਹੈ ਅਤੇ ਹਰ ਉਪਰਲੀ ਪੌੜੀ ਤੇ ਚੜ੍ਹਨ ਵਾਲਾ ਵਿਅਕਤੀ ਪਹਿਲੀ ਪੌੜੀ ਤੇ ਹੀ ਪਹਿਲਾਂ ਚੜ੍ਹਦਾ ਹੈ।

❖❖❖❖❖

# 9

# ਨਿਊਜ਼ੀਲੈਂਡ 'ਚ ਆਰਥਿਕ ਮੰਦੀ (Recession In New Zealand) ਇਸ ਦੇ ਅਸਰ ਨੂੰ ਘੱਟ ਕਰਨ ਲਈ ਕੀ ਕਰੀਏ?

## *ਆਪਣੇ ਤਜਰਬੇ ਤੇ ਅਧਾਰਤ*

ਨਿਊਜ਼ੀਲੈਂਡ ਵਿੱਚ ਹੋਏ ਤਾਜ਼ੇ ਜੀ. ਡੀ. ਪੀ. ਡਿਕਲਾਇੰਨ (–12.2) ਤੋਂ ਬਾਦ ਆਰਥਿਕ ਮੰਦੀ ਐਲਾਨੀ ਗਈ ਜਿਸ ਦੇ ਸੁਣਦਿਆਂ ਸਾਰ ਕਾਮਿਆਂ ਅਤੇ ਕਾਰੋਬਾਰਾਂ ਦੇ ਮਾਲਕਾਂ ਵਿੱਚ ਕਾਫੀ ਫਿਕਰ ਦੇਖਣ ਨੂੰ ਮਿਲ ਰਿਹਾ ਹੈ।

ਭਾਵੇਂ ਕਿ ਹੋਰ ਬਹੁਤ ਸਾਰੇ ਦੇਸ਼ ਕਰੋਨਾ ਦੀ ਵਜ੍ਹਾ ਨਾਲ ਹੋਏ ਲੌਕ ਡੌਨ ਕਰਕੇ ਆਰਥਿਕ ਮੰਦੀ ਦੀ ਲਪੇਟ ਵਿੱਚ ਹਨ ਪਰ ਹਰ ਇੱਕ ਨੂੰ ਆਪਣਾ ਫਿਕਰ ਹੁੰਦਾ ਹੈ।

ਸਭ ਕੁੱਝ ਮੌਡਰਨ ਹੋਣ ਨਾਲ ਜਾਂ ਕਹਿ ਸਕਦੇ ਹਾਂ ਕਿ ਇਨਫੋਰਮੇਸ਼ਨ ਅਤੇ ਟੈਕਨੋਲੋਜੀ ਦੀ ਵਜ੍ਹਾ ਨਾਲ ਸਾਰਾ ਸੰਸਾਰ ਇੱਕ ਮੰਡੀ ਬਣ ਗਿਆ ਹੈ। ਬਹੁਤੇ ਮੁਲਕ ਇੱਕ ਦੂਜੇ ਨੂੰ ਸਮਾਨ ਵੇਚਦੇ ਅਤੇ ਖਰੀਦਦੇ ਹਨ। ਸਿੱਟੇ ਵਜੋਂ ਜਦੋਂ ਇੱਕ ਮੁਲਕ ਵਿੱਚ ਕੋਈ ਘਟਨਾ ਵਾਪਰਦੀ ਹੈ ਤਾਂ ਇਸ ਦਾ ਅਸਰ ਦੂਜੇ ਮੁਲਕਾਂ ਤੇ ਵੀ ਪੈਂਦਾ ਹੈ।

ਹੁਣ ਦੇਖਣ ਦੀ ਲੋੜ ਹੈ ਕਿ ਆਰਥਿਕ ਮੰਦੀ ਆਪਣੇ ਆਪ ਕਿਉਂ ਆ ਜਾਂਦੀ ਹੈ ? ਜੋ ਸਰਮਾਏਦਾਰੀ ਸਿਸਟਮ ਬਣਿਆ ਹੋਇਆ ਹੈ  ਉਸ ਦੇ ਚੱਲਦੇ ਆਰਥਿਕ ਮੰਦੀ ਨੇ ਆਉਣਾ ਹੀ ਹੁੰਦਾ ਹੈ। ਕਈ ਵਾਰ ਜਾਣ ਬੁਝ ਕੇ ਆਰਥਿਕ ਮੰਦੀ ਲਿਆਈ ਜਾਂਦੀ ਹੈ ਜਿਸ ਤਰਾਂ ਹੁਣ ਕਰੋਨਾ ਦੇ ਨਾਮ ਤੇ।

ਨਿਊਜ਼ੀਲੈਂਡ ਵਿੱਚ ਕਰੋਨਾ ਦੇ ਹੁੰਦਿਆਂ ਬੇਸ਼ੱਕ ਸਰਕਾਰ ਦੇ ਕਹੇ ਮੁਤਾਬਕ ਲੌਕ ਡੌਨ ਜ਼ਰੂਰੀ ਸੀ ਪਰ ਫਿਰ ਵੀ ਬਹੁਤ ਸਾਰੇ ਕਾਰੋਬਾਰ ਜਾਣ ਬੁਝ ਕੇ ਬੰਦ ਕਰਵਾ ਦਿੱਤੇ ਗਏ ਸਨ। ਜਿਸ ਵੇਲੇ ਲੌਕ ਡੌਨ ਲੈਵਲ 4 ਲਾਗੂ ਹੋਇਆ ਤਾਂ ਬਿਲਡਿੰਗਾਂ ਵਿੱਚ ਸਾਰੇ ਕੰਮ ਬੰਦ ਕਰ ਦਿੱਤੇ ਗਏ ਹਾਲਾਂਕਿ ਬਿਲਡਿੰਗਾਂ ਵਿੱਚ ਪੇਂਟਰ, ਪਲੰਬਰ, ਇਲਿਕਟ੍ਰੀਸ਼ਨ, ਕਾਰਪੈਟ ਪਾਉਣ ਵਾਲੇ, ਵਾਇਨਲ ਪਾਉਣ ਵਾਲੇ, ਵਾਟਰ ਬਲਾਸਟਿੰਗ ਕਰਨ ਵਾਲੇ, ਘਾਹ ਕੱਟਣ ਵਾਲੇ, ਪ੍ਰਾਪਰਟੀ ਮੈਨੇਜਰ, ਫੈਂਸ ਲਗਾਉਣ ਵਾਲੇ ਅਤੇ ਲੈਂਡਸਕੇਪਿੰਗ ਵਾਲੇ, ਅਲਾਰਮ ਲਗਾਉਣ ਵਾਲੇ, ਕੈਮਰੇ ਲਗਾਉਣ ਵਾਲੇ, ਆਰਕੀਟੈਕਟ, ਸਰਵੇਅਰ ਸਭ ਇਕੱਲੇ ਇਕੱਲੇ ਹੀ ਕੰਮ ਕਰਦੇ ਹੁੰਦੇ ਹਨ ਜਾਂ ਲੋੜ ਪੈਣ ਤੇ ਇਕੱਲੇ ਇਕੱਲੇ ਕੰਮ ਕਰ ਸਕਦੇ ਹਨ ਪਰ ਫਿਰ ਵੀ ਉਨ੍ਹਾਂ ਦੇ ਕੰਮ ਬੰਦ ਕਰਵਾ ਦਿੱਤੇ ਗਏ।

ਘਰਾਂ ਦੇ ਬਾਹਰ ਸ਼ੈਡਾਂ ਬਣਾਉਣ ਵਾਲੇ, ਗੈਰਾਜ ਬਣਾਉਣ ਵਾਲੀਆਂ ਕੰਪਨੀਆਂ ਅਤੇ ਸਲੀਪ ਆਊਟ ਬਣਾਉਣ ਵਾਲੀਆਂ ਕੰਪਨੀਆਂ ਦੇ ਵੀ ਕੰਮ ਬੰਦ ਕਰਵਾ ਦਿੱਤੇ ਗਏ। ਜਿਨ੍ਹਾਂ ਦੇ ਘਰ ਖਾਲੀ ਪਏ ਸਨ ਉਨ੍ਹਾਂ ਮਾਲਕਾਂ ਦੇ ਘਰਾਂ ਵਿੱਚ ਕਿਰਾਏਦਾਰਾਂ ਨੂੰ ਸ਼ਿਫਟ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ। ਹਾਲਾਂਕਿ  ਕਿਰਾਏਦਾਰ ਪਰਿਵਾਰ ਸਮੇਤ ਆਪ ਘਰ ਵਿੱਚ ਸ਼ਿਫਟ ਹੋ ਸਕਦਾ ਸੀ। ਇਸ ਦੇ ਸਿੱਟੇ ਵਜੋਂ ਉਹ ਘਰ ਖਾਲੀ ਪਏ ਰਹੇ ਅਤੇ ਮਕਾਨ ਮਾਲਕਾਂ ਨੂੰ ਬੈਂਕਾਂ ਦੇ ਕਰਜ਼ੇ ਦੀਆਂ ਕਿਸ਼ਤਾਂ ਕੋਲੋਂ ਭਰਨੀਆਂ ਪਈਆਂ। ਜਿਹੜੇ ਕਿਸ਼ਤਾਂ ਨਹੀਂ ਦੇ ਸਕੇ ਉਨ੍ਹਾਂ ਨੂੰ ਹੁਣ ਵੱਧ ਵਿਆਜ ਭਰਨਾ ਪੈ ਰਿਹਾ ਹੈ।

ਉਪਰੋਕਤ ਕੰਮ ਜਿਹੜੇ ਲੌਕ ਡੌਨ ਵਿੱਚ ਚੱਲ ਸਕਦੇ ਸੀ ਉਹ ਜਾਣ ਬੁਝ ਕੇ ਬੰਦ ਕਰਵਾ ਦਿੱਤੇ ਗਏ। ਬਾਕੀ ਬਹੁਤੇ ਕੰਮ ਕਰੋਨਾ ਦੀ ਮਾਰ ਕਰਕੇ ਬੰਦ ਹੋ ਗਏ ਜਿਸ ਤਰਾਂ ਟੂਰਿਜ਼ਮ, ਕਿਰਾਏ ਤੇ ਗੱਡੀਆਂ ਦੇਣ ਦਾ ਕੰਮ, ਹੋਟਲ, ਮੋਟਲ ਆਦਿ। ਇਸ ਸਭ ਕੁੱਝ ਦਾ ਅਸਰ ਹੋਇਆ ਕਿ ਮੁਲਕ ਆਰਥਿਕ ਮੰਦੀ ਦਾ ਸ਼ਿਕਾਰ ਹੋ ਗਿਆ ਜਿਸ ਨੂੰ ਪੈਰਾਂ ਤੇ ਆਉਣ ਨੂੰ ਕਾਫੀ ਸਮਾਂ ਲੱਗ ਸਕਦਾ ਹੈ।

ਬੇਰੋਜ਼ਗਾਰੀ ਪਹਿਲਾਂ ਦੇ ਮੁਕਾਬਲੇ ਕਾਫੀ ਵਧ ਗਈ ਹੈ ਅਤੇ ਹੋਰ ਵੀ ਵਧਣ ਦੀ ਸੰਭਾਵਨਾ ਹੈ। ਜਿਸ ਵੇਲੇ ਲੋਕਾਂ ਵਿੱਚ ਆਰਥਿਕ ਸਮੱਸਿਆਵਾਂ ਆਉਂਦੀਆਂ ਹਨ ਤਾਂ ਹੋਰ ਬਹੁਤ ਸਾਰੇ ਮਸਲੇ ਸਾਹਮਣੇ ਆ ਜਾਂਦੇ ਹਨ ਜਿਸ ਤਰਾਂ ਵੱਧ ਲੋਕ ਮਾਨਸਿਕ ਰੋਗਾਂ ਦੇ ਸ਼ਿਕਾਰ ਹੁੰਦੇ ਹਨ, ਪਰਿਵਾਰਾਂ ਵਿੱਚ ਪੈਸੇ ਦੀ ਘਾਟ ਕਾਰਨ ਲੜਾਈਆਂ ਸ਼ੁਰੂ ਹੋ ਜਾਂਦੀਆਂ ਹਨ, ਚੋਰੀ ਅਤੇ ਠਗੀ ਦੀਆਂ ਵਾਰਦਾਤਾਂ ਵਿੱਚ ਵਾਧਾ ਹੁੰਦਾ ਹੈ।

ਨਿਊਜ਼ੀਲੈਂਡ ਵਰਗੇ ਮੁਲਕ ਵਿੱਚ ਜਿਆਦਾ ਪਤੀ ਪਤਨੀ ਦੋਨੋਂ ਹੀ ਕੰਮ ਕਰਦੇ ਹਨ ਫਿਰ

ਹੀ ਜਾ ਕੇ ਪਰਿਵਾਰ ਦਾ ਗੁਜ਼ਾਰਾ ਹੁੰਦਾ ਹੈ। ਇੱਕ ਜਣੇ ਦੀ ਤਨਖਾਹ ਤਾਂ ਹਰ ਹਫਤੇ ਕਿਰਾਏ ਜਾਂ ਘਰ ਦੀ ਕਿਸ਼ਤ ਵਿੱਚ ਨਿਕਲ ਜਾਂਦੀ ਹੈ।

ਭਾਰਤ ਵਰਗੇ ਮੁਲਕ ਵਿੱਚੋਂ ਨਿਊਜ਼ੀਲੈਂਡ ਜਾਂ ਯੂਰਪ ਦੇ ਕਿਸੇ ਵੀ ਮੁਲਕ ਵਿੱਚ ਜਾ ਕੇ ਵਸਣ ਤੋਂ ਬਾਦ ਭਾਰਤੀਆਂ ਨੂੰ ਜੋ ਸਭ ਤੋਂ ਮਹਿੰਗੀ ਚੀਜ਼ ਖਰੀਦਣੀ ਪੈਂਦੀ ਹੈ ਉਹ ਰਹਿਣ ਵਾਸਤੇ ਘਰ ਹੁੰਦਾ ਹੈ ਜੋ ਔਕਲੈਂਡ ਵਰਗੇ ਸ਼ਹਿਰ ਵਿੱਚ ਛੇ ਲੱਖ ਡਾਲਰ ਜਾਂ ਇਸ ਤੋਂ ਵੱਧ ਕੀਮਤ ਵਿੱਚ ਮਿਲਦਾ ਹੈ। ਹਰ ਹਫਤੇ ਕਿਸ਼ਤ ਦਿਓ ਤਾਂ 30 ਕੁ ਸਾਲਾਂ ਵਿੱਚ ਉਸ ਘਰ ਦਾ ਕਰਜ਼ਾ ਉਤਰਦਾ ਹੈ ਜਾਂ ਕਿਹਾ ਜਾ ਸਕਦਾ ਹੈ ਕਿ ਪਹਿਲੀ ਪੀੜ੍ਹੀ ਤੋਂ ਤਾਂ ਸਿਰਫ ਘਰ ਦੀਆਂ ਕਿਸ਼ਤਾਂ ਹੀ ਉਤਰਦੀਆਂ ਹਨ।

ਜਦੋਂ ਕਿਸੇ ਮੁਲਕ ਵਿੱਚ ਆਰਥਿਕ ਮੰਦੀ ਆਉਂਦੀ ਹੈ ਤਾਂ ਕਾਰੋਬਾਰੀ ਅਤੇ ਕਾਮੇ ਇਸ ਦੇ ਅਸਰ ਤੋਂ ਡਰ ਜਾਂਦੇ ਹਨ ਅਤੇ ਹਰ ਕੋਈ ਆਪਣੇ ਬਚਾਅ ਲਈ ਸੰਭਵ ਯਤਨ ਕਰਦਾ ਹੈ। ਲੋਕ ਪੈਸਾ ਖਰਚਣਾ ਘੱਟ ਕਰ ਦਿੰਦੇ ਹਨ। ਇਸ ਦੀ ਵਜ੍ਹਾ ਨਾਲ ਮੰਦੀ ਹੋਰ ਵਧਦੀ ਹੈ। ਕਾਰੋਬਾਰੀ ਆਪਣੀ ਆਮਦਨ ਘਟਣ ਕਰਕੇ ਆਪਣਾ ਖਰਚਾ ਘਟਾਉਂਦੇ ਹਨ। ਕਾਰੋਬਾਰੀ ਵਾਸਤੇ ਸਭ ਤੋਂ ਵੱਡਾ ਖਰਚਾ ਆਪਣੇ ਕਾਮਿਆਂ ਦੀ ਤਨਖਾਹ ਹੁੰਦੀ ਹੈ। ਇਸ ਕਰਕੇ ਉਹ ਕੁੱਝ ਕਰਮਚਾਰੀਆਂ ਦੀ ਤਨਖਾਹ ਬਚਾਉਣ ਲਈ ਉਨ੍ਹਾਂ ਨੂੰ ਕੰਮ ਤੋਂ ਕੱਢ ਦਿੰਦਾ ਹੈ।

ਆਰਥਿਕ ਮੰਦੀ ਦੌਰਾਨ ਵੀ ਲੋਕਾਂ ਨੂੰ ਖਾਣ ਪੀਣ, ਡਾਕਟਰੀ ਆਦਿ ਦੀ ਲੋੜ ਪੈਂਦੀ ਹੈ। ਇਸ ਕਰਕੇ ਇਸ ਤਰਾਂ ਦੇ ਕਾਰੋਬਾਰਾਂ ਵਿੱਚ ਮੰਦਾ ਨਹੀਂ ਪੈਂਦਾ ਜਾਂ ਘੱਟ ਮੰਦਾ ਪੈਂਦਾ ਹੈ। ਦੂਸਰੇ ਕਾਰੋਬਾਰਾਂ ਤੇ ਵੱਧ ਅਸਰ ਪੈਂਦਾ ਹੈ ਜਿਸ ਤਰਾਂ ਟੂਰਿਜ਼ਮ ਦਾ ਕੰਮ, ਕਾਰਾਂ ਵੇਚਣ ਦਾ ਕੰਮ, ਫਰਨੀਚਰ, ਟੀ ਵੀ, ਫਰਿਜਾਂ, ਡਿਸ਼ ਵਾਸ਼ਰ, ਕੱਪੜੇ ਧੋਣ ਦੀਆਂ ਮਸ਼ੀਨਾਂ ਅਤੇ ਵੈਕਿਊਮ ਕਲੀਨਰ ਵੇਚਣ ਆਦਿ ਦੇ ਕਾਰੋਬਾਰ।

ਆਰਥਿਕ ਮੰਦੀ ਦੌਰਾਨ ਜਿਥੇ ਆਮ ਲੋਕ ਬਹੁਤ ਸਮੱਸਿਆਵਾਂ ਦਾ ਸ਼ਿਕਾਰ ਹੁੰਦੇ ਹਨ ਉਥੇ ਹੀ ਕੁੱਝ ਸਭ ਤੋਂ ਅਮੀਰ ਲੋਕ ਹੋਰ ਅਮੀਰ ਹੋ ਜਾਂਦੇ ਹਨ ਕਿਉਂਕਿ ਉਹ ਇਸ ਮੌਕੇ ਦਾ ਫਾਇਦਾ ਉਠਾਉਣ ਲਈ ਪਹਿਲਾਂ ਹੀ ਤਿਆਰ ਬੈਠੇ ਹੁੰਦੇ ਹਨ। ਇਸ ਕਰਕੇ ਇਹ ਕਿਹਾ ਜਾ ਸਕਦਾ ਹੈ ਕਿ ਆਰਥਿਕ ਮੰਦੀ ਬਹੁਤ ਨਵੇਂ ਸਰਮਾਏਦਾਰ ਪੈਦਾ ਕਰਦੀ ਹੈ ਅਤੇ ਕਈ ਪਹਿਲੇ ਸਰਮਾਏਦਾਰਾਂ ਦੀ ਦੌਲਤ ਹੋਰ ਵਧ ਜਾਂਦੀ ਹੈ। ਜਿਹੜੇ ਕਾਰੋਬਾਰੀ ਇਸ ਵਾਸਤੇ ਤਿਆਰ ਨਹੀਂ ਹੁੰਦੇ ਉਹ ਘਾਟੇ ਦਾ ਸ਼ਿਕਾਰ ਹੋਣ ਕਰਕੇ ਆਪਣਾ ਕਾਰੋਬਾਰ ਬੰਦ ਕਰ ਦਿੰਦੇ ਹਨ। ਇਸ ਤਰਾਂ ਦੇ ਹਲਾਤਾਂ ਵਿੱਚ ਕਈਆਂ ਦੀ ਸਾਰੀ ਉਮਰ ਦੀ ਕਮਾਈ ਰੁੜ੍ਹ ਜਾਂਦੀ ਹੈ। ਆਤਮ ਹਤਿਆਵਾਂ ਵਰਗੇ ਮਾਮਲੇ ਸਾਹਮਣੇ ਆਉਣ ਲਗਦੇ ਹਨ।

ਉਪਰੋਕਤ ਸਭ ਕੁੱਝ ਤੋਂ ਉੱਪਰ ਉੱਠ ਕੇ ਸੋਚੀਏ ਕਿ ਆਰਥਿਕ ਮੰਦੀ ਤਾਂ ਆ ਗਈ ਹੈ। ਇਸ ਦੇ ਬਾਵਯੂਦ ਆਪਾਂ ਇਸ ਦੇ ਅਸਰ ਨੂੰ ਆਪਣੇ ਤੌਰ ਤੇ ਘੱਟ ਕਿਸ ਤਰਾਂ ਕਰ ਸਕਦੇ ਹਾਂ ?

ਅੰਗਰੇਜ਼ੀ ਵਿੱਚ ਕਹਿੰਦੇ ਹਨ ਕਿ `Plan for the worse and hope for the best` ਭਾਵ ਕਿ ਤਿਆਰੀ ਸਭ ਤੋਂ ਮਾੜੇ ਸਮੇਂ ਦੀ ਕਰੋ ਅਤੇ ਆਸ ਸਭ ਤੋਂ ਵਧੀਆ ਸਮੇਂ ਦੀ ਰੱਖੋ।

ਸਭ ਤੋਂ ਪਹਿਲਾਂ ਵੱਡੇ ਮਸਲੇ ਘਰ ਦੀ ਗੱਲ ਕਰਦੇ ਹਾਂ। ਕੱਲ ਇੱਕ ਨਿਊਜ਼ ਏਜੇਂਸੀ ਦੀ ਖ਼ਬਰ ਵਿੱਚ ਦੱਸਿਆ ਗਿਆ ਕਿ ਘਰਾਂ ਦੀ ਕੀਮਤ 37% ਤੋਂ 50% ਤੱਕ ਡਿਗ ਸਕਦੀ ਹੈ। ਇਹ ਸੁਣਦਿਆਂ ਹੀ  ਕਾਫੀ ਘਰਾਂ ਦੇ ਮਾਲਕ ਫਿਕਰ ਵਿੱਚ ਪੈ ਗਏ। ਮੇਰੇ ਤਜਰਬੇ ਮੁਤਾਬਕ ਘਰਾਂ ਦੀ ਕੀਮਤ ਐਨੀ ਜਿਆਦਾ ਨਹੀਂ ਡਿਗ ਸਕਦੀ ਕਿਉਂਕਿ ਘਰਾਂ ਦੀ ਮੰਗ ਸਪਲਾਈ ਨਾਲੋਂ ਬਹੁਤ ਜਿਆਦਾ ਹੈ। ਦੂਜੀ ਗੱਲ ਕਿ ਘਰ ਵਿੱਚ ਘਾਟਾ ਉਸ ਵਕਤ ਪੈਂਦਾ ਹੈ ਜਦੋਂ ਤੁਹਾਨੂੰ ਆਰਥਿਕ ਮੰਦੀ ਚੱਲਦਿਆਂ ਵੇਚਣਾ ਪੈ ਜਾਵੇ। ਕਈਆਂ ਨੂੰ ਫਿਕਰ ਹੈ ਕਿ ਆਰਥਿਕ ਮੰਦੀ ਦੌਰਾਨ ਲੋਕ ਕਿਸ਼ਤਾਂ ਨਹੀਂ ਦੇ ਸਕਣਗੇ ਅਤੇ ਬੈਂਕਾਂ ਘਰ ਵੇਚ ਦੇਣਗੀਆਂ। ਇਸ ਤਰਾਂ ਹੋਣ ਦੀ ਵੀ ਸੰਭਾਵਨਾ ਕਾਫੀ ਘੱਟ ਹੈ ਕਿਉਂਕਿ ਪਿਛਲੀ ਆਰਥਿਕ ਮੰਦੀ ਦੌਰਾਨ ਘਰਾਂ ਦੀ ਕੀਮਤ 7% ਤੋਂ 8% ਤੱਕ ਡਿਗੀ ਸੀ ਉਸ ਵੇਲੇ ਬੈਂਕ ਦਾ ਵਿਆਜ ਤਕਰੀਬਨ 6% ਤੋਂ 7% ਦੇ ਲਾਗੇ ਸੀ। ਹੁਣ ਵਿਆਜ ਢਾਈ ਪ੍ਰਤੀਸ਼ਤ ਹੈ ਭਾਵ ਪਿਛਲੀ ਆਰਥਿਕ ਮੰਦੀ ਨਾਲੋਂ ਘਰਾਂ ਦੀਆਂ ਕਿਸ਼ਤਾਂ ਅੱਧੀਆਂ ਹੀ ਹਨ ਜੋ ਕਿ ਅਰਾਮ ਨਾਲ ਦਿਤੀਆਂ ਜਾ ਸਕਦੀਆਂ ਹਨ। ਇੱਕ ਹੋਰ ਕਾਰਨ ਹੈ ਕਿ ਘਰਾਂ ਦਾ ਕਿਰਾਇਆ ਘਰ ਦੀ ਕਿਸ਼ਤ ਨਾਲੋਂ ਵੱਧ ਹੈ। ਇਸ ਕਰਕੇ ਘਰ ਦੇ  ਕਿਰਾਏ ਨਾਲ ਹੀ ਕਿਸ਼ਤ ਵੀ ਪੂਰੀ ਹੋ ਜਾਂਦੀ ਹੈ ਅਤੇ ਵਿੱਚੋਂ ਪੈਸੇ ਵੀ ਬਚ ਜਾਂਦੇ ਹਨ।

ਵੈਸੇ ਵਿਦੇਸ਼ਾਂ ਵਿੱਚ ਪੱਕੇ ਵਸਦੇ ਪੰਜਾਬੀਆਂ ਤੇ ਆਰਥਿਕ ਮੰਦੀ ਦਾ ਅਸਰ ਘੱਟ ਹੀ ਪੈਂਦਾ ਹੈ। ਪਿਛਲੀ ਆਰਥਿਕ ਮੰਦੀ ਵਿੱਚ ਇੱਕ ਵਾਕਿਫ ਗੋਰਾ ਮੈਨੂੰ ਪੁੱਛਣ ਲੱਗਾ ਕਿ ਸਾਰੇ ਆਰਥਿਕ ਮੰਦੀ ਦਾ ਸ਼ਿਕਾਰ ਹਨ ਪਰ ਪੰਜਾਬੀਆਂ ਤੇ ਇਸ ਦਾ ਅਸਰ ਕਿਉਂ ਨਹੀਂ ਹੈ ? ਮੈਂ ਕਿਹਾ ਕਿ ਤੁਸੀਂ ਹਮੇਸ਼ਾਂ ਅਰਾਮ ਦੀ ਜਿੰਦਗੀ ਜਿਉਣ ਦੇ ਆਦੀ ਹੋ ਇਸ ਕਰਕੇ ਤੁਹਾਨੂੰ ਹੁਣ ਥੋੜ੍ਹੀ ਤੰਗੀ ਆਉਣ ਤੇ ਹੀ ਤੁਹਾਡੇ ਤੇ ਆਰਥਿਕ ਮੰਦੀ ਆ ਗਈ ਪਰ ਅਸੀਂ ਤਾਂ ਕਈ ਪੀੜ੍ਹੀਆਂ ਤੋਂ ਰਹਿੰਦੇ ਹੀ ਆਰਥਿਕ ਮੰਦੀ ਵਿੱਚ ਹਾਂ। ਇਸ ਕਰਕੇ ਸਾਡੇ ਵਾਸਤੇ ਇਹ ਆਮ ਗੱਲ ਹੀ ਹੈ। ਉਹ ਬੜਾ ਹੈਰਾਨ ਹੋਇਆ। ਫਿਰ ਕਹਿਣ ਲੱਗਾ ਕਿ ਸਾਨੂੰ ਫਿਕਰ ਦੇ ਮਾਰੇ ਨੀਂਦ ਨਹੀਂ ਆਉਂਦੀ ਪਰ ਮੈਂ ਪੰਜਾਬੀਆਂ ਨੂੰ ਦੇਖਿਆ ਕਿ ਇਹ ਆਰਥਿਕ ਮੰਦੀ ਵਿੱਚ ਵੀ

ਪਾਰਟੀਆਂ ਕਰਕੇ ਭੰਗੜਾ ਪਾਉਂਦੇ ਰਹਿੰਦੇ ਹਨ। ਇਹ ਕਿਉਂ ? ਮੈਂ ਕਿਹਾ ਕਿ ਸਾਨੂੰ ਸਾਰੀ ਉਮਰ ਚੰਗਾ ਸਮਾਂ ਆਉਣ ਦੀ ਆਸ ਹੀ ਨਹੀਂ ਬਚਦੀ ਇਸ ਕਰਕੇ ਅਸੀਂ ਆਰਥਿਕ ਮੰਦੀ ਵਿੱਚ ਵੀ ਭੰਘੜੇ ਹੀ ਪਾਈਦੇ ਹਨ । ਸੋਚ ਕੇ ਕਹਿੰਦਾ ਅੱਛਾ ਤਾਂ ਹੀ ਤੁਸੀਂ ਗਾਉਣ ਵਾਲਿਆਂ ਅੱਗੇ ਭੰਗੜੇ ਪਾਉਂਦੇ ਹੋ। ਮੈਂ ਅੱਗੇ ਕੁੱਝ ਨਾ ਕਹਿ ਸਕਿਆ।

ਇਥੇ ਮੈਂ ਵਰਨਣ ਕਰਨਾ ਚਾਹਾਂਗਾ ਕਿ ਪਿਛਲੀ ਆਰਥਿਕ ਮੰਦੀ ਦੌਰਾਨ ਕਾਰਾਂ ਦੀ ਵਿਕਰੀ ਘਟਣ ਨਾਲ ਕਾਰਾਂ ਬਣਾਉਣ ਵਾਲੀਆਂ ਕੰਪਨੀਆਂ ਤੇ ਕਾਫੀ ਮਾੜਾ ਅਸਰ ਪਿਆ ਸੀ ਪਰ ਪੰਜਾਬ ਵਿੱਚ ਉਸ ਸਮੇਂ ਬਹੁਤ ਸਾਰੇ ਮੁਲਕਾਂ ਨਾਲੋਂ ਵੱਧ ਕਾਰਾਂ ਵਿਕ ਰਹੀਆਂ ਸਨ।

ਜੇਕਰ ਕਿਸੇ ਨੇ ਘਰ ਖਰੀਦਣ ਵਾਸਤੇ ਛੇ ਲੱਖ ਡਾਲਰ ਬੈਂਕ ਤੋਂ ਕਰਜ਼ਾ ਲਿਆ ਹੋਇਆ ਹੈ ਤਾਂ 2.5% ਵਿਆਜ ਦੇ ਹਿਸਾਬ ਨਾਲ ਉਸ ਦੀ ਹਫਤੇ ਦੀ ਬੈਂਕ ਦੀ ਇਕੱਲੇ ਵਿਆਜ ਦੀ ਕਿਸ਼ਤ ਸਿਰਫ 289 ਡਾਲਰ ਬਣੇਗੀ। ਜੇਕਰ ਉਸ ਵਿਅਕਤੀ ਕੋਲੋਂ ਇਹ ਕਿਸ਼ਤ ਨਹੀਂ ਦੇ ਹੁੰਦੀ ਤਾਂ ਉਹ ਵਿਅਕਤੀ ਉਸ ਘਰ ਨੂੰ ਵੇਚਣ ਦੀ ਬਜਾਏ ਕਿਰਾਏ ਤੇ ਦੇ ਸਕਦਾ ਹੈ। ਉਸ ਦਾ ਕਿਰਾਇਆ ਹਫਤੇ ਦਾ $550 ਦੇ ਕਰੀਬ ਆਵੇਗਾ ਜੋ ਕਿ ਬੈਂਕ ਦੀ ਕਿਸ਼ਤ ਨਾਲੋਂ ਦੁਗਣੇ ਦੇ ਕਰੀਬ ਹੈ। ਇਸ ਤਰ੍ਹਾਂ ਆਰਥਿਕ ਮੰਦੀ ਦੌਰਾਨ ਘਰ ਵਿਕਣ ਤੋਂ ਬਚਿਆ ਰਹੇਗਾ। ਆਪ ਆਪਣੇ ਕਿਸੇ ਦੋਸਤ ਮਿੱਤਰ ਜਾਂ ਰਿਸ਼ਤੇਦਾਰ ਨਾਲ ਥੋੜ੍ਹਾ ਖਰਚਾ ਕਰਕੇ ਰਹਿ ਸਕਦਾ ਹੈ।

ਚੱਲ ਰਹੀ ਆਰਥਿਕ ਮੰਦੀ ਦਾ ਮੁਕਾਬਲਾ ਕਰਨ ਵਾਸਤੇ ਹੇਠ ਲਿਖੀਆਂ ਗੱਲਾਂ ਤੇ ਅਮਲ ਕੀਤਾ ਜਾ ਸਕਦਾ ਹੈ:

- ✔ ਆਪਣੀ ਜੌਬ ਦਾ ਮੁਆਇਨਾ ਕਰੋ ਕਿ ਆਰਥਿਕ ਮੰਦੀ ਦੌਰਾਨ ਇਹ ਕਾਇਮ ਰਹੇਗੀ ਜਾਂ ਨਹੀਂ। ਜੇ ਨਹੀਂ ਤਾਂ ਦੂਜੀ ਜੌਬ ਦੀ ਭਾਲ ਜਾਰੀ ਰੱਖੋ।
- ✔ ਜੇ ਤੁਸੀਂ ਹਫਤੇ ਵਿੱਚ 40 ਘੰਟੇ ਕੰਮ ਕਰਦੇ ਹੋ ਤਾਂ ਅੱਠ ਜਾਂ ਦੱਸ ਘੰਟੇ ਦੀ ਪਾਰਟ ਟਾਈਮ ਜੌਬ ਹੋਰ ਲੱਭ ਲਵੋ।
- ✔ ਆਪਣੇ ਕ੍ਰੈਡਿਟ ਕਾਰਡ ਵਰਤਣੇ ਬੰਦ ਕਰੋ।
- ✔ ਕਿਸ਼ਤਾਂ ਤੇ ਚੀਜ਼ਾਂ ਨਾ ਖਰੀਦੋ।
- ✔ ਸਿਰਫ ਜਰੂਰਤ ਮੁਤਾਬਕ ਹੀ ਚੀਜ਼ਾਂ ਖਰੀਦੋ।
- ✔ ਸੋਫਾ, ਫਰਿਜ, ਟੀ ਵੀ, ਕਾਰਾਂ ਆਦਿ ਖਰੀਦਣ ਤੋਂ ਬਚਿਆ ਜਾ ਸਕਦਾ ਹੈ।
- ✔ ਜੇਕਰ ਤੁਹਾਡੇ ਘਰ ਵਿੱਚ ਇਕੁਇਟੀ ਜਿਆਦਾ ਹੈ ਤਾਂ ਤੁਸੀਂ ਬੈਂਕ ਕੋਲੋਂ ਵੀਹ ਕੁ ਹਜ਼ਾਰ ਡਾਲਰ ਦਾ ਟੌਪ ਅਪ ਕਰਜ਼ਾ ਪਾਸ ਕਰਵਾ ਕੇ ਰੱਖ ਸਕਦੇ ਹੋ ਜਿਸ ਦੀ ਮਿਆਦ ਛੇ ਮਹੀਨੇ

ਦੀ ਹੋਵੇ। ਉਹ ਬੁਰੇ ਸਮੇਂ ਵਿੱਚ ਆਪ ਦੀ ਮੱਦਦ ਕਰੇਗਾ। ਮੈਂ ਇਸ ਤਰਾਂ ਦਾ ਲੋਨ ਇੱਕ ਲੱਖ ਡਾਲਰ ਦਾ ਪਹਿਲਾਂ ਹੀ ਕਰਵਾਇਆ ਹੋਇਆ ਹੈ। ਇਸ ਤਰਾਂ ਦਾ ਕਰਜ਼ਾ ਮਾੜੇ ਸਮੇਂ ਵਿੱਚ ਤੁਹਾਡੀ ਨੀਂਦ ਖਰਾਬ ਨਹੀਂ ਹੋਣ ਦਿੰਦਾ।

- ਜੇ ਹੋਰ ਪੈਸੇ ਦੀ ਜਰੂਰਤ ਹੋਵੇ ਤਾਂ ਕਿਸੇ ਪਰਿਵਾਰ ਨੂੰ ਆਪਣੇ ਘਰ ਵਿੱਚ ਕਿਰਾਏ ਤੇ ਰੱਖਿਆ ਜਾ ਸਕਦਾ ਹੈ।

ਇਸ ਤਰਾਂ ਕਰਨ ਨਾਲ ਤੁਹਾਡੇ ਤੇ ਆਰਥਿਕ ਮੰਦੀ ਦਾ ਪ੍ਰਭਾਵ ਘੱਟ ਪਵੇਗਾ ਅਤੇ ਇਹ ਵੀ ਹੋ ਸਕਦਾ ਹੈ ਕਿ ਤੁਹਾਡੇ ਤੇ ਪ੍ਰਭਾਵ ਪਵੇ ਹੀ ਨਾ।

*ਨੋਟ :- ਕੋਈ ਵੀ ਜਾਣਕਾਰੀ ਅਮਲ ਵਿੱਚ ਲਿਆਉਣ ਤੋਂ ਪਹਿਲਾਂ ਆਪਣੇ ਪੈਸੇ ਪ੍ਰਤੀ ਅਡਵਾਈਜ਼ਰ ਦੀ ਸਲਾਹ ਲੈਣੀ ਚਾਹੀਦੀ ਹੈ। ਇਸ ਆਰਟੀਕਲ ਵਿਚ ਲਿਖੀ ਜਾਣਕਾਰੀ ਸਿਰਫ ਮੇਰੇ ਤਜਰਬੇ ਤੇ ਅਧਾਰਤ ਹੈ।*

❖❖❖❖❖

# # 10

## ਕੀ ਰੱਬ ਕੀੜੇ ਨੂੰ ਪੱਥਰਾਂ 'ਚ ਵੀ ਰਿਜ਼ਕ (ਖਾਣਾ) ਦਿੰਦਾ ਹੈ?

ਭਾਰਤ ਵਿੱਚ ਰਹਿੰਦਿਆਂ ਬਜ਼ੁਰਗਾਂ ਤੋਂ ਅਤੇ ਧਾਰਮਿਕ ਪ੍ਰਚਾਰਕਾਂ ਕੋਲੋਂ ਸੁਣਦੇ ਹੁੰਦੇ ਸੀ ਕਿ ਰੱਬ ਤਾਂ ਕੀੜੇ ਨੂੰ ਪੱਥਰਾਂ ਵਿੱਚ ਵੀ ਰਿਜ਼ਕ ਦਿੰਦਾ ਹੈ ਅਤੇ ਇਸ ਸਬੰਧੀ ਉਨ੍ਹਾਂ ਤੋਂ ਬਹੁਤ ਕਹਾਣੀਆਂ ਵੀ ਸੁਣਦੇ ਹੁੰਦੇ ਸੀ ਪਰ ਮੈਂ ਇਸ ਨੂੰ ਕਦੇ ਨਾ ਹੀ ਸਹੀ ਮੰਨਿਆ ਅਤੇ ਨਾ ਹੀ ਗਲਤ ਮੰਨਿਆ। ਕਿਸੇ ਗੱਲ ਨੂੰ ਸਹੀ ਮੰਨਣ ਲਈ ਸਬੂਤ ਚਾਹੀਦੇ ਹੁੰਦੇ ਹਨ ਅਤੇ ਕਿਸੇ ਚੀਜ਼ ਨੂੰ ਗਲਤ ਸਾਬਤ ਕਰਨ ਲਈ ਵੀ ਸਬੂਤ ਚਾਹੀਦੇ ਹੁੰਦੇ ਹਨ। ਜੇਕਰ ਬਿਨਾਂ ਸੋਚਿਆਂ ਕਿਸੇ ਦੇ ਪਿੱਛੇ ਲੱਗ ਜਾਵੋ ਤਾਂ ਉਸ ਨੂੰ ਲਾਈਲੱਗਤਾ ਕਹਿੰਦੇ ਹਨ।

ਮੇਰਾ ਇਹ ਮੰਨਣਾ ਸੀ ਕਿ ਅਸਲ ਵਿੱਚ ਕੀੜਾ ਪੈਦਾ ਹੀ ਉਥੇ ਹੁੰਦਾ ਹੈ ਜਿਥੇ ਉਸ ਦੇ ਜਿਉਣ ਵਾਸਤੇ ਢੁਕਵੇਂ ਹਲਾਤ ਪੈਦਾ ਹੋਣ। ਜਦੋਂ ਧਰਤੀ ਬਾਰੇ ਜਾਣਕਾਰੀ ਹਾਸਿਲ ਕਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਧਰਤੀ ਪਹਿਲਾਂ ਸੂਰਜ ਦਾ ਹੀ ਹਿੱਸਾ ਸੀ। ਜਦੋਂ ਇਹ ਹਿੱਸਾ ਸੂਰਜ ਤੋਂ ਵੱਖ ਹੋਇਆ ਤਾਂ ਗਰਮ ਹੋਣ ਕਰਕੇ ਬਹੁਤ ਚਿਰ ਇਸ ਉੱਪਰ ਕੁੱਝ ਪੈਦਾ ਨਹੀਂ ਹੋਇਆ। ਜਿਵੇਂ ਜਿਵੇਂ ਪੌਦਿਆਂ ਜਾਂ ਜੀਵਾਂ ਵਾਸਤੇ ਅਨੁਕੂਲ ਵਾਤਾਵਰਣ ਹੋਇਆ ਤਾਂ ਇਨ੍ਹਾਂ ਪੈਦਾ ਹੋਣਾ ਸ਼ੁਰੂ ਕੀਤਾ।

ਉਪਰੋਕਤ ਜਾਣਕਾਰੀ ਸਕੂਲ ਵਿੱਚ ਮੈਨੂੰ ਵੀ ਪੜ੍ਹਾਈ ਗਈ ਸੀ ਤੇ ਨਾਲ ਪੜ੍ਹਦੇ ਧਾਰਮਿਕ ਪਰਿਵਾਰਾਂ ਦੇ ਬੱਚਿਆਂ ਨੂੰ ਵੀ ਪੜ੍ਹਾਈ ਗਈ ਸੀ ਪਰ ਮੈਂ ਇਸ ਤੇ ਅੱਜ ਵੀ ਯਕੀਨ ਕਰਦਾ ਹਾਂ ਪਰ ਧਾਰਮਿਕ ਬੱਚੇ ਇਸ ਦੇ ਉਲਟ ਹੋ ਗਏ। ਉਹ ਕਹਿਣ ਲੱਗ ਪਏ ਕਿ ਰੱਬ ਨੇ ਹੀ ਸਭ ਕੁੱਝ ਕੀਤਾ ਹੈ ਕਿਉਂਕਿ ਉਨ੍ਹਾਂ ਨੂੰ ਉਨ੍ਹਾਂ ਦੇ ਪਰਿਵਾਰ ਨੇ ਅਧਿਆਪਕ ਤੋਂ ਉਲਟ ਸਿਖਾ ਦਿੱਤਾ। ਮੈਂ ਸੋਚਦਾ ਹਾਂ ਕਿ ਜੇ ਸਕੂਲ ਦਾ ਪੜ੍ਹਾਇਆ ਯਾਦ ਨਹੀਂ ਰੱਖਣਾ ਸੀ ਤਾਂ ਉਥੇ ਏਨੇ ਸਾਲ ਖਰਾਬ ਕਰਨ ਦਾ ਕੀ ਫਾਇਦਾ ਹੋਇਆ ਜਾਂ ਜੇ ਆਪਣੀ ਮਰਜ਼ੀ ਕਰਨੀ

ਸੀ ਤਾਂ ਅਧਿਆਪਕ ਦਾ ਸਮਾਂ ਕਿਉਂ ਖਰਾਬ ਕਰਨਾ ਸੀ ? ਇਹ ਸਭ ਕੁੱਝ ਪਤਾ ਹੋਣ ਦੇ ਬਾਵਜੂਦ ਮੈਂ ਦੇਖਣਾ ਚਾਹੁੰਦਾ ਸੀ ਕਿ ਰੱਬ ਕੀੜੇ ਨੂੰ ਪੱਥਰਾਂ ਵਿੱਚ ਰਿਜ਼ਕ (ਖਾਣਾ) ਦਿੰਦਾ ਹੈ ਕਿ ਨਹੀਂ ?

ਇੱਕ ਵਾਰ ਸਾਡੇ ਘਰ ਵਿੱਚ ਕੀੜੀਆਂ ਬਹੁਤ ਪੈਦਾ ਹੋ ਗਈਆਂ। ਜਦੋਂ ਪੇਸ਼ ਨਾ ਗਈ ਤਾਂ ਮੈਂ ਸੋਚਿਆ ਕਿ ਘਰ ਵਿੱਚ ਸਪਰੇ ਕਰਵਾ ਕੇ ਮਾਰ ਦਿੰਦੇ ਹਾਂ। ਫਿਰ ਮੈਂ ਸੋਚਿਆ ਕਿ ਇਨ੍ਹਾਂ ਨੂੰ ਬਚਾਉਣ ਕਿਤੇ ਰੱਬ ਨਾ ਆ ਜਾਵੇ ਕਿਉਂਕਿ ਆਮ ਕਿਹਾ ਜਾਂਦਾ ਹਾਂ ਕਿ ਜਿੰਨੇ ਸਾਹ ਕਿਸੇ ਜੀਵ ਦੇ ਲਿਖੇ ਹੋਏ ਹਨ ਉਨ੍ਹਾਂ ਨੂੰ ਕੋਈ ਖੋਹ ਨਹੀਂ ਸਕਦਾ।

ਮੈਂ ਸੋਚਿਆ ਕਿ ਸਪਰੇ ਕਰਨ ਵਾਲੇ ਨੇ ਤਾਂ ਕੀੜੀਆਂ ਮਾਰਨ ਦੀ ਗਰੰਟੀ ਦਿੱਤੀ ਹੋਈ ਹੈ ਅਤੇ ਮੈਨੂੰ ਲੱਗਾ ਕਿ ਰੱਬ ਨਾਲੋਂ ਵੱਧ ਤਾਂ ਉਸ ਵੇਲੇ ਸਪਰੇ ਕਰਨ ਵਾਲੇ ਵਿੱਚ ਤਾਕਤ ਸੀ। ਮੈਂ ਕਿਹਾ ਕਿ ਕੀੜੀਆਂ ਨੇ ਸਪਰੇ ਨਾਲ ਮਰ ਤਾਂ ਜਾਣਾ ਹੈ। ਜੇ ਹੋ ਸਕੇ ਤਾਂ ਇਨ੍ਹਾਂ ਤੇ ਮੈਂ ਇੱਕ ਪ੍ਰਯੋਗ ਕਰ ਲਵਾਂ। ਇਹ ਸੋਚ ਕਿ ਮੈਂ 15-20 ਕੀੜੀਆਂ ਇੱਕ ਸ਼ੀਸ਼ੀ ਵਿੱਚ ਪਾ ਕੇ ਢੱਕਣ ਲਾ ਲਿਆ ਤਾਂ ਕਿ ਦੇਖਿਆ ਜਾਵੇ ਕਿ ਰੱਬ ਇਨ੍ਹਾਂ ਨੂੰ ਰਿਜ਼ਕ ਦਿੰਦਾ ਹੈ ਕਿ ਨਹੀਂ ? ਮੈਂ ਦਿਹਾੜੀ ਵਿੱਚ ਤਿੰਨ ਤਿੰਨ ਵਾਰ ਵੀ ਦੇਖਿਆ ਕਿ ਕੀੜੀਆਂ ਨੂੰ ਕੁੱਝ ਖਾਣ ਨੂੰ ਮਿਲਿਆ ਕਿ ਨਹੀਂ ? ਉਸ ਤੋਂ ਬਾਦ ਹੌਲੀ ਹੌਲੀ ਸਭ ਕੀੜੀਆਂ ਮਰ ਗਈਆਂ ਅਤੇ ਇੱਕ ਨੂੰ ਵੀ ਕਿਸੇ ਰੱਬ ਨੇ ਰਿਜ਼ਕ ਨਾ ਦਿੱਤਾ।

ਸੋਚਣ ਦੀ ਗੱਲ ਹੈ ਕਿ ਰੱਬ ਨੂੰ ਪੱਥਰਾਂ ਵਿੱਚ ਰਿਜ਼ਕ ਦੇਣ ਨੂੰ ਤਾਂ ਕਾਫੀ ਸੰਘਰਸ਼ ਕਰਨਾ ਪੈ ਸਕਦਾ। ਬਹੁਤ ਸਾਰੀ ਦੁਨੀਆਂ ਪੱਧਰੇ ਬੈਠੀ ਹੀ ਭੁੱਖੀ ਮਰ ਰਹੀ ਹੈ। ਪਹਿਲਾਂ ਉਨ੍ਹਾਂ ਨੂੰ ਹੀ ਰੋਟੀ ਦੇ ਦੇਵੇ। ਉਨ੍ਹਾਂ ਵਿਚੋਂ ਕਈ ਮੰਗਤੇ ਤਾਂ ਧਾਰਮਿਕ ਅਸਥਾਨਾਂ ਦੇ ਸਾਹਮਣੇ ਹੀ ਬੈਠੇ ਹੁੰਦੇ ਹਨ।

ਉਪਰੋਕਤ ਪ੍ਰਯੋਗ ਤੋਂ ਬਾਦ ਮੈਂ ਹਮੇਸ਼ਾਂ ਸੋਚਦਾ ਰਹਿੰਦਾ ਹਾਂ ਕਿ ਇਸ ਤਰ੍ਹਾਂ ਦਾ ਸਧਾਰਨ ਪ੍ਰਯੋਗ ਬਾਕੀ ਲੋਕ ਕਿਉਂ ਨਹੀਂ ਕਰਕੇ ਦੇਖਦੇ ? ਫਿਰ ਮੈਨੂੰ ਅਚਾਨਕ ਚੇਤੇ ਆਇਆ ਕਿ ਲਾਈਲੱਗਤਾ ਲਈ ਤਾਂ ਪ੍ਰਯੋਗ ਕਰਨ ਦੀ ਲੋੜ ਹੀ ਨਹੀਂ ਹੁੰਦੀ। ਮੈਂ ਤਾਂ ਇਹ ਵੀ ਸੋਚਦਾਂ ਕਿ ਬਹੁਤੇ ਇਸ ਨੂੰ ਪੜ੍ਹ ਕੇ ਵੀ ਇਸ ਤਰਾਂ ਦਾ ਪ੍ਰਯੋਗ ਨਹੀਂ ਕਰਨਗੇ। ਪ੍ਰਯੋਗ ਕਰਨ ਵਾਸਤੇ ਖੁਲ੍ਹੇ ਦਿਮਾਗ ਦਾ ਹੋਣਾ ਜ਼ਰੂਰੀ ਹੁੰਦਾ ਹੈ ਪਰ ਖੁਲ੍ਹੇ ਦਿਮਾਗ ਦੀ ਦਿਨੋਂ ਦਿਨ ਘਾਟ ਦਿਖਾਈ ਦੇ ਰਹੀ ਹੈ।

❖❖❖❖❖

# # 11

# ਸਿਆਣਾ ਕੌਣ?

## *ਸੱਚ 'ਤੇ ਅਧਾਰਤ*

ਸਿਆਣਾ ਸ਼ਬਦ ਦੋ ਥਾਵਾਂ ਤੇ ਵਰਤਿਆ ਜਾਂਦਾ ਹੈ। ਇੱਕ ਜਦੋਂ ਕੋਈ ਉਮਰ ਵਿੱਚ ਸਿਆਣਾ ਹੋਵੇ ਅਤੇ ਦੂਜਾ ਜਦੋਂ ਕੋਈ ਅਕਲ ਵਿੱਚ ਸਿਆਣਾ ਹੋਵੇ। ਇਸ ਆਰਟੀਕਲ ਵਿੱਚ ਅਕਲ ਪੱਖੋਂ ਸਿਆਣੇ ਦੀ ਗੱਲ ਕਰਾਂਗਾ।

ਸੰਨ 1987 ਦੇ ਲਾਗੇ ਦੀ ਹੈ ਜਦੋਂ ਮੈਂ ਥੋੜ੍ਹਾ ਚਿਰ ਰਾਮਾ ਮੰਡੀ (ਜਲੰਧਰ) ਵਿੱਚ ਇੱਕ ਛਾਪੇ ਖਾਨੇ ਤੇ ਨੌਕਰੀ ਕੀਤੀ। ਛਾਪੇ ਖਾਨੇ ਦੇ ਬਾਹਰ ਇੱਕ ਵਿਹੜਾ ਸੀ ਜਿਥੇ ਬੈਠ ਕੇ ਅਸੀਂ ਚਾਹ ਪਾਣੀ ਜਾਂ ਰੋਟੀ ਪਾਣੀ ਖਾਂਦੇ ਹੁੰਦੇ ਸੀ। ਇਹ ਛਾਪਾ ਖਾਨਾ ਇੱਕ ਭੀੜੀ ਜਿਹੀ ਗਲੀ ਵਿੱਚ ਸੀ।

ਇਸ ਛਾਪੇ ਖਾਨੇ ਦੇ ਬਿਲਕੁਲ ਦੂਸਰੇ ਪਾਸੇ ਮਿੱਟੀ ਦੀਆਂ ਮੂਰਤੀਆਂ ਬਣਦੀਆਂ ਸਨ ਜੋ ਜਿਆਦਾ ਤੌਰ ਤੇ ਵੱਖ ਵੱਖ ਭਗਵਾਨਾਂ ਜਾਂ ਦੇਵੀ ਦੇਵਤਿਆਂ ਦੀਆਂ ਵੀ ਹੁੰਦੀਆਂ ਸਨ। ਉਥੇ ਕੰਮ ਕਰਨ ਵਾਲੇ ਕੁੱਝ ਸਥਾਨਕ ਦਿਹਾੜੀਦਾਰ ਹੁੰਦੇ ਸਨ ਅਤੇ ਜਿਆਦਾ ਪ੍ਰਵਾਸੀ ਦਿਹਾੜੀਦਾਰ ਹੁੰਦੇ ਸਨ। ਉਨ੍ਹਾਂ ਦਾ ਇੱਕ ਫੋਰਮੈਨ ਹੁੰਦਾ ਸੀ ਜੋ ਸਾਰੇ ਕੰਮ ਦੀ ਦੇਖ ਭਾਲ ਕਰਦਾ ਸੀ।

ਮੂਰਤੀਆਂ ਬਣਾਉਣ ਵੇਲੇ ਦਿਹਾੜੀਦਾਰ ਸਿਗਰਟਾਂ ਜਾਂ ਸ਼ਰਾਬ ਪੀਂਦੇ ਰਹਿੰਦੇ ਸਨ ਭਾਵੇਂ ਉਹ ਮੂਰਤੀ ਜਿਹੜੇ ਮਰਜ਼ੀ ਭਗਵਾਨ ਜਾਂ ਦੇਵੀ ਦੇਵਤੇ ਦੀ ਬਣਾ ਰਹੇ ਹੋਣ। ਕਿਸੇ ਭਗਵਾਨ ਨੇ ਕਦੇ ਵੀ ਇਸ ਬਦਲੇ ਉਨ੍ਹਾਂ ਨੂੰ ਸਜ਼ਾ ਨਹੀਂ ਦਿੱਤੀ ਸੀ। ਮੂਰਤੀਆਂ ਪੂਰੀਆਂ ਹੋਣ ਤੋਂ

ਬਾਦ ਫੋਰਮੈਨ ਮੂਰਤੀਆਂ ਨੂੰ ਚੈੱਕ ਕਰਦਾ ਸੀ ਅਤੇ ਜਦੋਂ ਉਸ ਨੂੰ ਮੂਰਤੀ ਵਿੱਚ ਕੋਈ ਨੁਕਸ ਲੱਭਦਾ ਸੀ ਤਾਂ ਉਹ ਦੂਰੋਂ ਹੀ ਮੂਰਤੀ ਬਣਾਉਣ ਵਾਲੇ ਨੂੰ ਅਵਾਜ਼ ਮਾਰ ਕੇ ਮੂਰਤੀ ਵਾਲੇ ਭਗਵਾਨ ਦਾ ਨਾਮ ਲੈ ਕੇ ਅਤੇ ਭਗਵਾਨ ਨੂੰ ਗਾਲ਼ ਕੱਢ ਕੇ ਕਹਿੰਦਾ ਸੀ ਕਿ ਫਲਾਣੇ ਦਾ ਕੰਨ ਵਿੰਗਾ ਹੋ ਗਿਆ ਹੈ। ਉਸ ਤੋਂ ਬਾਦ ਮੂਰਤੀ ਬਣਾਉਣ ਵਾਲੇ ਨੂੰ ਮੂਰਤੀ ਦਾ ਕੰਨ ਠੀਕ ਕਰਨਾ ਪੈਂਦਾ ਸੀ। ਕਈ ਵਾਰੀ ਬਣੀ ਮੂਰਤੀ ਦਾ ਕੰਨ ਠੀਕ ਕਰਨਾ ਬਹੁਤ ਮੁਸ਼ਕਲ ਹੁੰਦਾ ਸੀ ਤਾਂ ਠੀਕ ਕਰਨ ਵਾਲਾ ਆਪਣੇ ਨਾਲ ਵਾਲੇ ਸਾਥੀ ਕਾਮੇ ਨੂੰ ਭਗਵਾਨ ਦਾ ਨਾਮ ਲੈ ਕੇ ਕਹਿੰਦਾ ਹੁੰਦਾ ਸੀ ਕਿ ਇਸ ਭਗਵਾਨ ਨੇ ਤਾਂ ਮੇਰਾ ਸਵੇਰ ਦਾ ਲਹੂ ਪੀ ਲਿਆ। ਇਹ ਚੀਜ਼ ਮੈਂ ਹਰ ਰੋਜ਼ ਦੇਖਦਾ ਹੁੰਦਾ ਸੀ। ਮੂਰਤੀ ਬਣਾਉਣ ਵੇਲੇ ਕੋਈ ਹੱਥ ਵੀ ਸੁੱਚੇ ਨਹੀਂ ਕਰਦਾ ਸੀ।

ਜਦੋਂ ਭਗਵਾਨ ਦੀ ਮੂਰਤੀ ਬਣਾਈ ਜਾਂਦੀ ਸੀ ਤਾਂ ਬਣਾਉਣ ਵੇਲੇ ਹਥੌੜੀ ਅਤੇ ਛੈਣੀ ਦੀ ਵਰਤੋਂ ਕੀਤੀ ਜਾਂਦੀ ਸੀ। ਇਸ ਦਾ ਮਤਲਬ ਕਿ ਭਗਵਾਨ ਦੀ ਮੂਰਤੀ ਬਣਾਉਣ ਲਈ ਭਗਵਾਨ ਦੇ ਸਿਰ ਵਿੱਚ ਹਥੌੜੇ ਮਾਰੇ ਜਾਂਦੇ ਸੀ। ਭਗਵਾਨ ਨੇ ਆਪਣੇ ਸਿਰ ਵਿੱਚ ਹਥੌੜੇ ਮਾਰਨ ਵਾਲਿਆਂ ਨੂੰ ਕਦੇ ਕੋਈ ਸਜ਼ਾ ਨਹੀਂ ਦਿੱਤੀ ਸੀ।

ਮੂਰਤੀਆਂ ਬਣਾਉਣ ਵਾਲਿਆਂ ਦਾ ਆਪਣਾ ਰੋਟੀ ਪਾਣੀ ਅਤੇ ਉਨ੍ਹਾਂ ਦੇ ਘਰਦਿਆਂ ਦਾ ਰੋਟੀ ਪਾਣੀ ਬੜਾ ਵਧੀਆ ਚੱਲਦਾ ਹੁੰਦਾ ਸੀ ਭਾਵੇਂ ਕਿ ਇਹ ਰੋਟੀ ਪਾਣੀ ਭਗਵਾਨ ਦੇ ਸਿਰ ਵਿੱਚ ਹਥੌੜੇ ਮਾਰ ਕੇ ਹੀ ਮਿਲਦਾ ਸੀ।

ਮੂਰਤੀਆਂ ਬਣਨ ਤੋਂ ਬਾਦ ਵੱਖ ਵੱਖ ਧਾਰਮਿਕ ਅਸਥਾਨਾਂ ਦੁਆਰਾ ਖਰੀਦ ਲਈਆਂ ਜਾਂਦੀਆਂ ਸਨ ਅਤੇ ਧਾਰਮਿਕ ਅਸਥਾਨਾਂ ਵਿੱਚ ਸਜਾ ਕੇ ਰੱਖ ਦਿਤੀਆਂ ਜਾਂਦੀਆਂ ਸਨ। ਫਿਰ ਉਨ੍ਹਾਂ ਮੂਰਤੀਆਂ ਅੱਗੇ ਲੋਕ ਆਪਣੀ ਮਿਹਨਤ ਦੀ ਕੀਤੀ ਕਮਾਈ ਵਿਚੋਂ ਪੈਸੇ ਬਚਾ ਕੇ ਚੜ੍ਹਾਵਾ ਚੜ੍ਹਾਉਂਦੇ ਸਨ ਅਤੇ ਮੂਰਤੀਆਂ ਅੱਗੇ ਵੱਖ ਵੱਖ ਸੁੱਖਾਂ ਸੁਖਦੇ ਸਨ।

ਮੈਂ ਛਾਪੇ ਖਾਨੇ ਦੇ ਵਿਹੜੇ ਵਿੱਚ ਬੈਠਾ ਸੋਚਦਾ ਰਹਿੰਦਾ ਸੀ ਕਿ ਇਨ੍ਹਾਂ ਦੋਨਾਂ ਧਿਰਾਂ ਵਿਚੋਂ ਸਿਆਣਾ (ਅਕਲਮੰਦ) ਕੌਣ ਹੈ ? ਸਿਆਣਾ ਉਹ ਹੈ ਜਿਸ ਨੇ ਭਗਵਾਨ ਦੇ ਸਿਰ ਵਿੱਚ ਹਥੌੜੇ ਮਾਰ ਕੇ ਅਤੇ ਗਾਲਾਂ ਕੱਢ ਕੇ ਪੈਸੇ ਕਮਾ ਕੇ ਆਪਣਾ ਪਰਿਵਾਰ ਪਾਲਿਆ ਜਾਂ ਸਿਆਣਾ ਉਹ ਹੈ ਜਿਸ ਨੇ ਆਪਣੀ ਕੀਤੀ ਕਮਾਈ ਆਪਣੇ ਪਰਿਵਾਰ ਨੂੰ ਦੇਣ ਦੀ ਬਜਾਏ ਭਗਵਾਨ ਨੂੰ ਦੇ ਦਿੱਤੀ ?

ਫਿਰ ਮੈਂ ਇਹ ਵੀ ਸੋਚਦਾ ਕਿ ਭਗਵਾਨ ਦੀ ਮੂਰਤੀ ਦਾ ਕੰਨ ਠੀਕ ਕਰਨ ਵਾਲਾ ਮਜ਼ਦੂਰ

ਤੰਗ ਹੋ ਕੇ ਕਹਿੰਦਾ ਸੀ ਕਿ ਮੇਰਾ ਤਾਂ ਇਸ ਭਗਵਾਨ ਨੇ ਲਹੂ ਹੀ ਪੀ ਲਿਆ। ਇਸ ਹਿਸਾਬ ਨਾਲ ਦੇਖੀਏ ਤਾਂ ਦੂਜੇ ਪਾਸੇ ਜੋ ਆਪਣੀ ਮਿਹਨਤ ਦੀ ਕਮਾਈ ਵਿਚੋਂ ਭਗਵਾਨ ਅੱਗੇ ਪੈਸਾ ਚਾੜ੍ਹ ਰਹੇ ਸਨ ਤਾਂ ਕੀ ਭਗਵਾਨ ਉਨ੍ਹਾਂ ਦਾ ਵੀ ਖ਼ੂਨ ਤਾਂ ਨਹੀਂ ਪੀ ਰਿਹਾ ਸੀ ? ਇਸ ਦਾ ਮੈਨੂੰ ਕਿਸੇ ਤੋਂ ਕਦੇ ਜਵਾਬ ਨਹੀਂ ਲੱਭਾ।

❖❖❖❖❖

# 12

# ਘੱਟ ਪੈਸੇ ਨਾਲ ਜਾਂ ਬਿਨਾਂ ਪੈਸੇ ਤੋਂ ਵਿਦੇਸ਼ਾਂ 'ਚ ਛੋਟੇ ਕਾਰੋਬਾਰ ਕਿਸ ਤਰ੍ਹਾਂ ਸ਼ੁਰੂ ਕਰੀਏ?

## *ਆਪਣੇ ਤਜਰਬੇ 'ਤੇ ਅਧਾਰਤ*

ਭਾਰਤ ਵਿੱਚ ਜਿਹੜੇ ਲੋਕ ਘੱਟ ਪੜ੍ਹੇ ਲਿਖੇ ਜਾਂ ਅਨਪੜ੍ਹ ਹੁੰਦੇ ਹਨ ਉਨ੍ਹਾਂ ਨੂੰ ਸਾਰੀ ਜ਼ਿੰਦਗੀ ਬਹੁਤ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਨੇ ਕੋਈ ਵੀ ਕੰਮ ਕਰਵਾਉਣਾ ਹੁੰਦਾ ਹੈ ਤਾਂ ਦਫਤਰਾਂ ਅੱਗੇ ਲੱਗੀਆਂ ਕਤਾਰਾਂ (ਲਾਈਨਾਂ) ਵਿੱਚ ਖੜ੍ਹੇ ਹੋਣਾ ਪੈਂਦਾ ਹੈ। ਆਪਣੇ ਫਾਰਮ ਭਰਵਾਉਣ ਲਈ ਲੋਕਾਂ ਦੀਆਂ ਮਿੰਨਤਾਂ ਕਰਨੀਆਂ ਪੈਂਦੀਆਂ ਹਨ। ਅੱਗੋਂ ਦਫ਼ਤਰ ਵਿੱਚ ਲੱਗੇ ਬਾਬੂ ਵੀ ਉਨ੍ਹਾਂ ਨਾਲ ਸਿੱਧੇ ਮੂੰਹ ਗੱਲ ਨਹੀਂ ਕਰਦੇ। ਅਨਪੜ੍ਹ ਜੋ ਕਤਾਰ ਵਿੱਚ ਸਵੇਰ ਦਾ ਲੱਗਾ ਹੋਇਆ ਹੈ ਉਹ ਦੁਖੀ ਹੋਣ ਦੇ ਬਾਵਯੂਦ ਬਾਬੂ ਜੀ ਕਹਿ ਕੇ ਗੱਲ ਕਰਦਾ ਹੈ ਤੇ ਬਾਬੂ ਕਈ ਬਜ਼ੁਰਗਾਂ ਨੂੰ ਬੁੜ੍ਹਾ ਕਹਿ ਕੇ ਵੀ ਬੋਲਦੇ ਜਾਂ ਝਿੜਕਦੇ ਹਨ। ਭਾਰਤ ਫੇਰੀ ਦੌਰਾਨ ਜਦੋਂ ਮੈਂ ਇਹ ਵਾਪਰਦਾ ਦੇਖਦਾ ਹਾਂ ਤਾਂ ਮੈਨੂੰ ਬਾਬੂਆਂ ਵਲੋਂ ਕੀਤਾ ਇਸ ਤਰਾਂ ਦਾ ਵਰਤਾਅ ਦੇਖ ਕੇ ਬਹੁਤ ਦੁੱਖ ਹੁੰਦਾ ਹੈ ਕਿ ਜੇ ਵੱਧ ਕੀਤੀ ਪੜ੍ਹਾਈ ਨੇ ਬੋਲਣਾ ਵੀ ਨਹੀਂ ਸਿਖਾਇਆ ਤਾਂ ਫਿਰ ਪੜ੍ਹਾਈ ਕੀਤੀ ਦਾ ਕੀ ਫਾਇਦਾ ਹੋਇਆ ? ਵੈਸੇ ਤਾਂ ਵਧੀਆ ਬੋਲ ਚਾਲ ਦਾ ਸਲੀਕਾ ਪਰਿਵਾਰ ਵਿਚੋਂ ਵੀ ਮਿਲ ਜਾਂਦਾ ਹੈ।

ਇੱਕ ਵਾਰ ਮੈਂ ਕਿਸੇ ਦੇ ਘਰ ਚਲਾ ਗਿਆ ਤਾਂ ਉਨ੍ਹਾਂ ਦਾ ਦਸ ਕੁ ਸਾਲ ਦਾ ਨਿਆਣਾ ਕਾਫੀ ਰੁੱਖਾ ਬੋਲਦਾ ਸੁਣਿਆ ਤਾਂ ਮੈਂ ਕਹਿ ਦਿੱਤਾ ਕਿ ਇਹ ਬੋਲਦਾ ਕਿਸ ਤਰਾਂ ਹੈ ? ਉਹ ਮੈਨੂੰ ਕਹਿੰਦੇ ਕਿ ਇਸ ਨੂੰ ਬੋਲਣਾ ਹੀ ਇਸ ਤਰਾਂ ਸਿਖਾਇਆ ਹੈ। ਉਹ ਕਹਿੰਦੇ ਕਿ ਇਸ ਨੂੰ ਕਿਹਾ ਹੋਇਆ ਹੈ ਕਿ ਕਿਸੇ ਨੂੰ ਹਾਂਜੀ ਜਾਂ ਜੀ ਕਹਿਣ ਦੀ ਲੋੜ ਨਹੀਂ। ਅਸੀਂ ਕਿਹੜਾ ਕਿਸੇ ਤੋਂ ਲੈ ਕੇ ਖਾਣਾ? ਇਹ ਮੇਰਾ ਨਵਾਂ ਤਜਰਬਾ ਸੀ।

ਇਸ ਦੇ ਉਲਟ ਮੈਂ ਦਸ ਪੜ੍ਹਿਆ ਹੋਣ ਦੇ ਬਾਵਜੂਦ ਔਕਲੈਂਡ ਦੀ ਸਭ ਤੋਂ ਵੱਡੀ ਕੰਪਨੀ ਦਾ ਮੈਨੇਜਰ ਸੀ। ਜਿਸ ਵਿੱਚ ਸਭ ਮੁਲਕਾਂ ਦੇ ਬੰਦੇ ਮੇਰੇ ਨਿਗਰਾਨੀ ਵਿੱਚ ਕੰਮ ਕਰਦੇ ਸਨ ਤੇ ਕਿਸੇ ਨੂੰ ਵੀ ਗਲਤ ਸ਼ਬਦ ਵਰਤਣ ਦੀ ਇਜਾਜ਼ਤ ਨਹੀਂ ਸੀ।

ਇਸ ਵਰਤਾਰੇ ਤੋਂ ਦੁਖੀ ਹੋ ਕੇ ਅਨਪੜ੍ਹ ਇਹ ਸੋਚਦਾ ਹੈ ਕਿ ਮੇਰੀਆਂ ਮੁਸੀਬਤਾਂ ਦੀ ਜੜ੍ਹ ਮੇਰੀ ਅਨਪੜ੍ਹਤਾ ਹੈ। ਹਰ ਮਾਂ ਬਾਪ ਦਾ ਸੁਪਨਾ ਹੁੰਦਾ ਹੈ ਕਿ ਜੋ ਉਸ ਨੇ ਜ਼ਿੰਦਗੀ ਵਿੱਚ ਘਾਟ ਦੇਖੀ ਹੈ ਉਹ ਘਾਟ ਉਸ ਦੀ ਔਲਾਦ ਵਿੱਚ ਨਾ ਰਹੇ।

ਇਸ ਕਰਕੇ ਅਨਪੜ੍ਹ ਮਾਂ ਬਾਪ ਔਖੇ ਹੋ ਕੇ ਵੀ ਆਪਣੀ ਔਲਾਦ ਨੂੰ ਵੱਧ ਤੋਂ ਵੱਧ ਪੜ੍ਹਾਈ ਕਰਵਾਉਂਦੇ ਹਨ। ਬੱਚੇ ਨੂੰ ਛੋਟੇ ਹੁੰਦਿਆਂ ਹੀ ਮਾਂ ਬਾਪ ਵਲੋਂ ਸਿਖਾਇਆ ਜਾਂਦਾ ਹੈ ਕਿ ਤੂੰ ਚੰਗਾ ਪੜ੍ਹ ਲਿਖ ਜਾਵੇਂਗਾ ਤਾਂ ਅਫ਼ਸਰ ਬਣ ਜਾਵੇਂਗਾ, ਤੂੰ ਕਾਰਾਂ ਵਿੱਚ ਘੁੰਮੇਂਗਾ, ਤੇਰੇ ਕੋਲ ਕੋਠੀ ਹੋਵੇਗੀ ਅਤੇ ਨੌਕਰ ਚਾਕਰ ਵੀ ਹੋਣਗੇ ਆਦਿ।

ਅੱਗੋਂ ਸਕੂਲ ਸਿਸਟਮ ਵੀ ਇਸ ਤਰਾਂ ਪੜ੍ਹਾਉਂਦਾ ਹੈ ਕਿ ਜਿਆਦਾ ਪੜ੍ਹ ਕੇ ਨੌਕਰੀ ਕਿਸ ਤਰਾਂ ਕਰਨੀ ਹੈ ? ਜਦੋਂ ਬੱਚਾ ਜਿਆਦਾ ਪੜ੍ਹ ਜਾਂਦਾ ਹੈ ਤਾਂ ਭਾਰਤ ਵਿੱਚ ਨੌਕਰੀ ਨਾ ਮਿਲਣ ਕਰਕੇ ਜਾਂ ਹੋਰ ਵਧੀਆ ਭਵਿੱਖ ਵਾਸਤੇ ਬੱਚੇ ਨੂੰ ਵਿਦੇਸ਼ ਭੇਜ ਦਿੱਤਾ ਜਾਂਦਾ ਹੈ।

ਵਿਦੇਸ਼ਾਂ ਵਿੱਚ ਆ ਕੇ ਭਾਰਤ ਵਿੱਚ ਕੀਤੀ ਪੜ੍ਹਾਈ ਮੁਤਾਬਕ ਨੌਕਰੀ ਨਹੀਂ ਮਿਲਦੀ ਤਾਂ ਫਿਰ ਉਨ੍ਹਾਂ ਵਿਚੋਂ ਬਹੁਤੇ ਬੱਚੇ ਖੇਤਾਂ ਵਿੱਚ ਕੰਮ ਕਰਦੇ ਹਨ, ਟੈਕਸੀਆਂ ਚਲਾਉਂਦੇ ਹਨ, ਰੈਸਟੋਰੈਂਟਾਂ ਵਿੱਚ ਕੰਮ ਕਰਦੇ ਹਨ, ਡੇਅਰੀ ਸ਼ੌਪ (ਛੋਟੀਆਂ ਦੁਕਾਨਾਂ) ਵਿੱਚ ਕੰਮ ਕਰਨ ਲੱਗ ਪੈਂਦੇ ਹਨ। ਘੱਟ ਤਨਖਾਹ ਤੇ ਰਿਹਾਇਸ਼ ਦਾ ਖਰਚਾ ਕੱਢ ਕੇ ਬਹੁਤੇ ਪੈਸੇ ਨਹੀਂ ਬਚਦੇ। ਭਾਰਤ ਵਿੱਚ ਮਾਪੇ ਜੋ ਬੁੱਢੇ ਹੋ ਚੁੱਕੇ ਹੁੰਦੇ ਹਨ ਉਨ੍ਹਾਂ ਨੂੰ ਵੀ ਬੱਚੇ ਤੋਂ ਆਰਥਿਕ ਮੱਦਦ ਦੀ ਲੋੜ ਹੁੰਦੀ ਹੈ ਅਤੇ ਬੱਚੇ ਦਾ ਵਿਦੇਸ਼ ਵਿੱਚ ਆਪਣਾ ਹੀ ਗੁਜ਼ਾਰਾ ਨਹੀਂ ਹੁੰਦਾ। ਅੱਗੋਂ ਬੱਚੇ ਨੂੰ ਆਪਣੇ ਵਿਆਹ ਦਾ ਖਰਚਾ ਦਿਸਦਾ ਹੈ ਅਤੇ ਉਹ ਭਾਰਤ ਜਾ ਕੇ ਮਾਂ ਪਿਓ, ਆਪਣੇ ਭਾਰਤ ਰਹਿ ਗਏ ਸਾਥੀਆਂ ਅਤੇ ਰਿਸ਼ਤੇਦਾਰਾਂ ਨੂੰ ਮਿਲਣਾ ਚਾਹੁੰਦਾ ਹੈ। ਹੁਣ ਜੇ ਭਾਰਤ ਜਾਵੇ ਤਾਂ ਦਸ ਜਾਂ ਪੰਦਰਾਂ ਹਜ਼ਾਰ ਡਾਲਰ ਚਾਹੀਦਾ ਹੈ ਜੋ ਜੁੜਦਾ ਹੀ ਨਹੀਂ।

ਹੁਣ ਤੁਸੀਂ ਸੋਚਦੇ ਹੋਵੋਗੇ ਕਿ ਜੋ ਕੁੱਝ ਮੈਂ ਉਪਰ ਲਿਖਿਆ ਉਸ ਦਾ ਛੋਟੇ ਕਾਰੋਬਾਰ ਸ਼ੁਰੂ ਕਰਨ ਨਾਲ ਕਿ ਸਬੰਧ ਹੈ ? ਆਪ ਤਾਂ ਇਹ ਵੀ ਸੋਚਦੇ ਹੋਵੋਗੇ ਕਿ ਸ਼ਾਇਦ ਲਿਖਦਾ ਲਿਖਦਾ ਮੈਂ ਸਿਰਲੇਖ ਹੀ ਭੁੱਲ ਗਿਆ। ਇਸ ਤਰਾਂ ਨਹੀਂ ਹੈ। ਇਸ ਸਭ ਕੁੱਝ ਦਾ ਛੋਟੇ ਕਾਰੋਬਾਰਾਂ ਨਾਲ ਸਬੰਧ ਹੈ।

ਹਰ ਨੌਕਰੀ ਅਤੇ ਕਾਰੋਬਾਰ ਦਾ ਸਬੰਧ ਆਪਣੀ ਮਾਨਸਿਕਤਾ ਨਾਲ ਹੁੰਦਾ ਹੈ। ਜਦ ਬੱਚੇ ਦੀ ਬਚਪਨ ਤੋਂ ਲੈ ਕੇ ਮਾਨਸਿਕਤਾ ਹੀ ਇਹ ਬਣਾ ਦਿੱਤੀ ਕਿ ਤੂੰ ਨੌਕਰੀ ਹੀ ਲੱਭਣੀ ਹੈ ਤਾਂ ਉਹ ਕਾਰੋਬਾਰ ਬਾਰੇ ਕਿਸ ਤਰਾਂ ਸੋਚੇਗਾ ? ਜ਼ਿੰਦਗੀ ਵਿੱਚ ਸਭ ਤੋਂ ਔਖਾ ਕੰਮ ਆਪਣੀ ਮਾਨਸਿਕਤਾ ਬਦਲਣਾ ਹੁੰਦਾ ਹੈ। ਉਸ ਬੱਚੇ ਨੂੰ ਉਹ ਮਾਨਸਿਕਤਾ ਬਦਲਣ ਵਿੱਚ ਬਹੁਤ ਤੰਗੀ ਆਉਂਦੀ ਹੈ ਜੋ ਉਸ ਨੂੰ ਪਿਛਲੇ 20-25 ਸਾਲ ਵਿੱਚ ਮਿਲੀ। ਇਹੀ ਕਾਰਨ ਹੈ ਕਿ ਜਿਆਦਾ ਛੋਟੇ ਅਤੇ ਵੱਡੇ ਕਾਰੋਬਾਰ ਵਿਦੇਸ਼ਾਂ ਵਿੱਚ ਅਨਪੜ੍ਹਾਂ, ਘੱਟ ਪੜ੍ਹਿਆਂ ਦੇ ਜਾਂ ਉਨ੍ਹਾਂ ਲੋਕਾਂ ਦੇ ਹਨ ਜਿਨ੍ਹਾਂ ਨੂੰ ਨਲਾਇਕ ਸਮਝ ਕੇ ਜਾਂ ਸ਼ਰਾਰਤੀ ਸਮਝ ਕੇ ਕਾਲਜਾਂ ਵਿਚੋਂ ਕੱਢ ਦਿੱਤਾ ਗਿਆ ਸੀ।

ਇਹ ਬੱਚੇ ਛੋਟੀਆਂ ਨੌਕਰੀਆਂ ਕਰ ਕੇ ਵਿਆਹ ਕਰਵਾਉਣ ਤੋਂ ਬਾਦ 30 ਜਾਂ 35 ਸਾਲ ਦੀ ਉਮਰ ਵਿੱਚ ਬੈਂਕ ਨੂੰ ਡਿਪੋਸਿਟ (deposit/down payment) ਦੇ ਕੇ ਅਤੇ ਬਾਕੀ ਕਰਜ਼ਾ ਲੈ ਕੇ ਘਰ ਖ਼੍ਰੀਦ ਲੈਂਦੇ ਹਨ। ਵਿਆਹ ਤੋਂ ਬਾਦ ਆਮਦਨਾਂ ਦੋ ਹੋਣ ਕਰਕੇ ਕਰਜ਼ਾ ਮਿਲ ਜਾਂਦਾ ਹੈ। ਜੇਕਰ ਉਨ੍ਹਾਂ ਔਕਲੈਂਡ (ਨਿਊਜ਼ੀਲੈਂਡ) ਵਿੱਚ ਚਾਰ ਲੱਖ ਡਾਲਰ ਦਾ ਘਰ ਲਿਆ ਤਾਂ ਉਹ ਕੀਮਤ ਵਧਣ ਕਰਕੇ 5 ਜਾਂ 6 ਸਾਲਾਂ ਬਾਦ ਛੇ ਲੱਖ ਡਾਲਰ ਦੇ ਕਰੀਬ ਹੋ ਜਾਂਦਾ ਹੈ।

ਹੁਣ ਜੇਕਰ ਛੋਟਾ ਕਾਰੋਬਾਰ ਨਿਊਜ਼ੀਲੈਂਡ ਵਿੱਚ ਸ਼ੁਰੂ ਕਰਨਾ ਹੋਵੇ ਤਾਂ ਉਸ ਵਾਸਤੇ 20 ਹਜ਼ਾਰ ਡਾਲਰ ਤੋਂ ਲੈ ਕੇ 40 ਹਜ਼ਾਰ ਡਾਲਰ ਖਰਚਾ ਆਉਂਦਾ ਹੈ। ਇਨ੍ਹਾਂ ਛੋਟੇ ਕਾਰੋਬਾਰਾਂ ਵਿੱਚ ਲੇਡੀਜ਼ ਫੈਸ਼ਨ, ਘਰਾਂ ਤੇ ਦੁਕਾਨਾਂ ਦਾ ਘਾਹ ਕੱਟਣਾ, ਘਰਾਂ ਤੇ ਦੁਕਾਨਾਂ ਦੀ ਸਫਾਈ ਕਰਨੀ, ਘਰਾਂ ਤੇ ਦੁਕਾਨਾਂ ਦੇ ਬਗੀਚਿਆਂ (garden) ਦੀ ਸਫਾਈ ਦਾ ਕਾਰੋਬਾਰ, ਘਰਾਂ ਤੇ ਦੁਕਾਨਾਂ ਵਿੱਚ ਦਵਾਈ ਛਿੜਕਾਉਣ (pest control) ਦਾ ਕੰਮ, ਪੇਂਟ ਕਰਨ ਦਾ ਕੰਮ, ਹੈਂਡੀ ਮੈਨ (handyman) ਦਾ ਕੰਮ, ਕਾਰਾਂ ਦੀ ਗਰੂਮਿੰਗ (ਅੰਦਰੋਂ ਸਫਾਈ), ਕਾਰਾਂ ਨੂੰ ਧੋਣ, ਕਾਰਾਂ ਦੀ ਟਿਨਟਿੰਗ (ਸ਼ੀਸ਼ੇ ਕਾਲੇ ਕਰਨਾ ਤਾਂ ਕਿ ਧੁੱਪ ਦਾ ਮਾੜਾ ਅਸਰ ਨਾ ਹੋਵੇ), ਵਾਲ ਕੱਟਣ ਦਾ ਕੰਮ, ਬਿਊਟੀ ਪਾਰਲਰ ਦਾ ਕਾਰੋਬਾਰ ਕੀਤਾ ਜਾ ਸਕਦਾ ਹੈ। ਘਰ ਦੀ ਕੀਮਤ ਵਧ ਗਈ ਹੋਣ ਕਰਕੇ ਬੈਂਕ ਟੌਪ ਅੱਪ (top up) ਕਰਜ਼ਾ ਦੇ ਸਕਦੀ ਹੈ। ਭਾਵ ਕੋਲ ਪੈਸਾ ਨਾ ਹੋਣ ਦੀ ਹਾਲਤ ਵਿੱਚ ਵੀ ਕਾਰੋਬਾਰ ਸ਼ੁਰੂ ਕੀਤਾ ਜਾ ਸਕਦਾ ਹੈ। ਘਰ ਦੇ ਕਰਜ਼ੇ ਤੇ ਬਿਜਨੇਸ ਦੇ ਕਰਜ਼ੇ ਨਾਲੋਂ ਘੱਟ ਵਿਆਜ਼ ਹੁੰਦਾ ਹੈ।

ਆਪਣਾ ਕਾਰੋਬਾਰ ਸ਼ੁਰੂ ਕਰਨ ਨਾਲ ਆਮਦਨ ਨੌਕਰੀ ਦੀ ਤਨਖਾਹ ਨਾਲੋਂ ਦੁਗਣੀ ਹੋ ਜਾਂਦੀ ਹੈ ਅਤੇ ਕਿਸੇ ਦੇ ਨੌਕਰੀ ਵੀ ਲੱਭਣੀ ਨਹੀਂ ਪੈਂਦੀ। ਫਿਰ ਉਸੇ ਕੰਮ ਨੂੰ ਹੋਰ ਕਾਮੇ ਰੱਖ ਕੇ ਦੂਜੇ ਸ਼ਹਿਰਾਂ ਵਿੱਚ ਸ਼ੁਰੂ ਕਰਕੇ ਵਧਾਇਆ ਜਾ ਸਕਦਾ ਹੈ।

ਉਦਾਹਰਣ ਦੇ ਤੌਰ ਤੇ ਜਦੋਂ ਮੈਂ ਕੱਚਾ ਸੀ ਤਾਂ ਮੈਨੂੰ ਕੰਮ ਕਰਨ ਦੀ ਇਜਾਜ਼ਤ ਨਹੀਂ ਸੀ। ਇਮੀਗ੍ਰੇਸ਼ਨ ਕੰਮ ਕਰਦਿਆਂ ਨੂੰ ਛਾਪੇ ਮਾਰ ਕੇ ਫੜ ਲੈਂਦੀ ਸੀ। ਜਦੋਂ ਇਮੀਗ੍ਰੇਸ਼ਨ ਦੀ ਸਖਤੀ ਜਿਆਦਾ ਵਧ ਗਈ ਤਾਂ ਮੈਂ ਲੋਨ ਮੋਵਰ (ਘਾਹ ਕੱਟਣ ਵਾਲੀ ਮਸ਼ੀਨ) ਖਰੀਦ ਲਈ ਜੋ ਕਿ ਸਿਰਫ ਛੇ ਸੌ ਡਾਲਰ ਦੀ ਆਈ। ਮੈਂ ਉਸ ਨਾਲ ਘਾਹ ਕੱਟ ਕੇ ਕੰਮ ਨਾਲੋਂ ਦੁਗਣੇ ਪੈਸੇ ਬਣਾਉਣ ਲੱਗ ਪਿਆ ਸੀ। ਇਨ੍ਹਾਂ ਕੰਮਾਂ ਲਈ ਬਹੁਤ ਘੱਟ ਸਿਖਲਾਈ ਦੀ ਲੋੜ ਪੈਂਦੀ ਹੈ।

ਜੇ ਹੈਂਡੀਮੈਨ ਦਾ ਕੰਮ ਕਰਦੇ ਹੋਏ ਤੁਸੀਂ ਕੋਈ ਪੁਰਾਣਾ ਟੁੱਟਿਆ ਹੋਇਆ ਘਰ ਠੀਕ ਕਰਕੇ ਵੇਚ ਦਿੰਦੇ ਹੋ ਤਾਂ ਇੱਕ ਸਾਲ ਦੀ ਤਨਖਾਹ ਜਿੰਨੇ ਪੈਸੇ ਦੋ ਮਹੀਨਿਆਂ ਵਿੱਚ ਬਣ ਜਾਂਦੇ ਹਨ। ਨੌਕਰੀ ਕਰਨ ਵਾਲੇ ਨੂੰ ਸਾਲ ਵਿੱਚ 48 ਹਫਤੇ ਕੰਮ ਕਰਨਾ ਪੈਂਦਾ ਹੈ। ਫਿਰ ਚਾਰ ਹਫਤਿਆਂ ਦੀਆਂ ਛੁਟੀਆਂ ਮਿਲਦੀਆਂ ਹਨ।

ਇਸ ਕਰਕੇ ਬੱਚਿਆਂ ਨੂੰ ਨੌਕਰੀ ਲੱਭਣ ਵਾਲੇ ਨਹੀਂ ਬਣਾਉਣਾ ਚਾਹੀਦਾ ਸਗੋਂ ਨੌਕਰੀਆਂ ਪੈਦਾ ਕਰਨ ਵਾਲੇ ਬਣਾਉਣਾ ਚਾਹੀਦਾ ਹੈ। ਮੇਰੀਆਂ ਕੰਪਨੀਆਂ ਵਿੱਚ ਹਜ਼ਾਰਾਂ ਲੋਕਾਂ ਨੇ ਕੰਮ ਕੀਤਾ ਉਨ੍ਹਾਂ ਵਿਚੋਂ 99% ਲੋਕ ਮੇਰੇ ਨਾਲੋਂ ਵੱਧ ਪੜ੍ਹੇ ਲਿਖੇ ਸਨ। ਹੁਣ ਦੇਖਣ ਦੀ ਲੋੜ ਹੈ ਕਿ ਪੜ੍ਹੇ ਲਿਖੇ ਹੋਣ ਕਰਕੇ ਜੌਬਾਂ ਤਾਂ ਉਨ੍ਹਾਂ ਨੂੰ ਪੈਦਾ ਕਰਨੀਆਂ ਚਾਹੀਦੀਆਂ ਸਨ ਪਰ ਹੋਇਆ ਉਲਟ। ਸਾਨੂੰ ਸਭ ਨੂੰ ਆਪਣੀ ਮਾਨਸਿਕਤਾ ਬਦਲਣ ਦੀ ਲੋੜ ਹੈ। ਇਸ ਨਾਲ ਕੋਈ ਬਹੁਤਾ ਫਰਕ ਨਹੀਂ ਪੈਂਦਾ ਕਿ ਕਿਸ ਮੁਲਕ ਵਿੱਚ ਰਹਿੰਦੇ ਹੋ ? ਮੁਲਕਾਂ ਦੇ ਕਨੂੰਨਾਂ ਜਾਂ ਹਲਾਤਾਂ ਵਿੱਚ ਥੋੜ੍ਹਾ ਫਰਕ ਜ਼ਰੂਰ ਹੁੰਦਾ ਹੈ ਜਿਸ ਨੂੰ ਲੋੜ ਮੁਤਾਬਕ ਬਦਲਿਆ ਜਾ ਸਕਦਾ ਹੈ। ਤੁਸੀਂ ਭਾਰਤ ਵਿੱਚ ਵੀ ਬਹੁਤਿਆਂ ਨੂੰ ਜਾਣਦੇ ਹੋਵੋਗੇ ਜਿਨ੍ਹਾਂ ਸਬਜ਼ੀਆਂ, ਖਿਡੌਣੇ ਜਾਂ ਫ਼ਲ ਵੇਚ ਕੇ ਕੋਠੀਆਂ ਪਾ ਲਈਆਂ। ਜੋ ਢੇਰਾਂ ਤੋਂ ਲੋਹਾ ਇਕੱਠਾ ਕਰਦੇ ਸੀ ਉਹ ਕਵਾੜੀਏ ਬਣ ਗਏ। ਜੋ ਪਿੰਡਾਂ ਵਿੱਚ ਲੱਕੜ ਦਾ ਛੋਟਾ ਕੰਮ ਕਰਦੇ ਸੀ ਉਨ੍ਹਾਂ ਸੋਫੇ, ਕੁਰਸੀਆਂ ਅਤੇ ਬੈੱਡ ਬਣਾਉਣੇ ਸ਼ੁਰੂ ਕਰ ਦਿੱਤੇ।

ਕਿਸੇ ਕੋਲੋਂ ਪੈਸੇ ਲੈ ਕੇ ਵੱਡਾ ਕੰਮ ਕਰਨ ਨਾਲੋਂ ਛੋਟਾ ਕੰਮ ਸ਼ੁਰੂ ਕਰ ਲਵੋ। ਆਮ ਤੌਰ ਤੇ ਕਿਸੇ ਤੋਂ ਲੈ ਕੇ ਖੋਲ੍ਹੇ ਕੰਮਾਂ ਵਿਚੋਂ ਕਾਫੀ ਵੱਡੇ ਕੰਮ ਫੇਲ੍ਹ ਹੋ ਜਾਂਦੇ ਹਨ। ਉਸ ਦਾ ਵੱਡਾ ਕਾਰਨ ਹੈ ਕਿ ਪੈਸੇ ਕਿਸੇ ਤੋਂ ਲੈਣ ਕਾਰਨ ਤੁਹਾਨੂੰ ਪੈਸੇ ਕਮਾਉਣ ਅਤੇ ਸਾਂਭਣ ਦਾ ਗਿਆਨ/ਤਜਰਬਾ ਨਹੀਂ ਹੁੰਦਾ। ਜਦੋਂ ਛੋਟੇ ਕੰਮ ਤੋਂ ਸ਼ੁਰੂ ਕਰਦੇ ਹਾਂ ਤਾਂ ਤੁਹਾਨੂੰ ਪੈਸੇ ਕਮਾਉਣ ਦੇ ਨਾਲ ਨਾਲ ਕਾਰੋਬਾਰ ਕਰਨ ਅਤੇ ਗਾਹਕਾਂ ਨਾਲ ਗੱਲਬਾਤ ਕਰਨ ਬਾਰੇ ਗਿਆਨ/ਤਜਰਬਾ ਵੀ ਵਧਦਾ ਹੈ। ਆਪਣੇ ਪੈਸੇ ਨਾਲ ਸ਼ੁਰੂ ਕੀਤੇ ਕੰਮ ਵਿੱਚ ਕਿਸੇ ਵਜ੍ਹਾ ਕਰਕੇ ਜੇ ਤੁਹਾਨੂੰ ਘਾਟਾ ਪੈ ਵੀ ਜਾਵੇ ਤਾਂ ਤੁਹਾਡਾ ਪੈਸਾ ਹੀ ਜਾਂਦਾ ਹੈ ਪਰ ਤਜਰਬਾ ਨਹੀਂ

। ਪੈਸੇ ਕਮਾਉਣ ਬਾਰੇ ਤਜਰਬਾ ਹੋਣ ਕਰਕੇ ਤੁਸੀਂ ਦੁਬਾਰਾ ਪੈਸਾ ਬਣਾ ਲਵੋਗੇ ਪਰ ਜੇਕਰ ਪੈਸਾ ਕਿਸੇ ਤੋਂ ਲੈ ਕੇ ਸ਼ੁਰੂ ਕੀਤੇ ਹੋਏ ਕੰਮ ਵਿੱਚ ਘਾਟਾ ਪਿਆ ਤਾਂ ਪੈਸੇ ਦਾ ਨੁਕਸਾਨ ਵੀ ਹੋਵੇਗਾ ਅਤੇ ਤੁਹਾਡੇ ਕੋਲ ਪੈਸਾ ਕਮਾਉਣ ਦਾ ਜਾਂ ਸਾਂਭਣ ਦਾ ਤਜਰਬਾ ਵੀ ਨਹੀਂ ਰਹੇਗਾ ਕਿਉਂਕਿ ਪੈਸਾ ਤੁਹਾਡਾ ਨਹੀਂ ਸੀ।

*ਨੋਟ :- ਕਿਸੇ ਦੇ ਕੰਮ ਕਰਨਾ ਗੁਲਾਮੀ ਹੁੰਦੀ ਹੈ ਅਤੇ ਆਪਣਾ ਕੰਮ ਕਰਨਾ ਅਜ਼ਾਦੀ। ਸਾਨੂੰ ਗੁਲਾਮੀ ਤੋਂ ਅਜ਼ਾਦੀ ਵੱਲ ਵਧਣ ਦੀ ਲੋੜ ਹੈ। ਬਦਲੀ ਹੋਈ ਮਾਨਸਿਕਤਾ ਇਸ ਵਿੱਚ ਅਹਿਮ ਰੋਲ ਅਦਾ ਕਰ ਸਕਦੀ ਹੈ। ਕੰਮ ਕੋਈ ਛੋਟਾ ਜਾਂ ਵੱਡਾ ਨਹੀਂ ਹੁੰਦਾ ਸਾਡੀ ਸੋਚ ਦਾ ਪੱਧਰ ਛੋਟਾ ਹੁੰਦਾ ਹੈ।*

❖❖❖❖❖

# # 13

## ਭਾਰਤ 'ਚ ਦਾਜ ਦੀ ਸਮੱਸਿਆ

## *ਜਦ ਲੋਕਾਂ ਤਾੜੀਆਂ ਮਾਰੀਆਂ ਪਰ ਬਦਲੇ ਨਹੀਂ*

ਭਾਰਤ ਵਿੱਚ ਦਾਜ ਦੀ ਸਮੱਸਿਆ ਕਾਫੀ ਪੁਰਾਣੀ ਹੈ। ਜਿਸ ਤਰ੍ਹਾਂ ਲੋਕਾਂ ਕੋਲ ਪੈਸਾ ਵਧਦਾ ਗਿਆ ਉਸੇ ਤਰਾਂ ਸਮੱਸਿਆ ਵਧਦੀ ਗਈ। ਭਾਵੇਂ ਇਸ ਉਪਰ ਸਰਕਾਰ ਵਲੋਂ ਜਾਂ ਸਮਾਜ ਦੀਆਂ ਕੁੱਝ ਸੰਸਥਾਵਾਂ ਵਲੋਂ ਪਬੰਧੀ ਵੀ ਲਾ ਦਿੱਤੀ ਜਾਵੇ ਜਾਂ ਵਿਰੋਧ ਵੀ ਕੀਤਾ ਜਾਵੇ ਤਾਂ ਵੀ ਇਹ ਲੁਕਵੇਂ ਰੂਪ ਵਿੱਚ ਜਾਰੀ ਰਹੇਗੀ।

ਇਸ ਸਮੱਸਿਆ ਦੇ ਕਾਰਨ ਬਹੁਤ ਸਾਰੇ ਲੋਕ ਕਰਜ਼ਾਈ ਹੋ ਗਏ ਹਨ। ਕਈਆਂ ਨੂੰ ਜ਼ਮੀਨਾਂ ਵੇਚਣੀਆਂ ਜਾਂ ਗਹਿਣੇ ਰੱਖਣੀਆਂ ਪੈਂਦੀਆਂ ਹਨ। ਇੱਕ ਵਾਰ ਦਾਜ ਦੇਣ ਤੋਂ ਬਾਦ ਕਈ ਵਾਰ ਲਾਲਚੀ ਸਹੁਰੇ ਵਾਰ ਵਾਰ ਦਾਜ ਦੀ ਮੰਗ ਕਰਦੇ ਹਨ। ਕੁੜੀ ਦੇ ਪੇਕੇ ਮਜ਼ਬੂਰੀ ਕਾਰਨ ਵਾਰ ਵਾਰ ਕਰਜ਼ਾ ਚੁੱਕਦੇ ਹਨ। ਕਈਆਂ ਹਾਲਤਾਂ ਵਿੱਚ ਕੁੜੀਆਂ ਨੂੰ ਸਹੁਰਿਆਂ ਵਲੋਂ ਅੱਗਾਂ ਲਗਾ ਦਿੱਤੀਆਂ ਜਾਂਦੀਆਂ ਹਨ ਜਾਂ ਕੁੜੀਆਂ ਆਤਮ ਹਤਿਆਵਾਂ ਕਰ ਲੈਂਦੀਆਂ ਹਨ। ਇਸ ਤੋਂ ਬਾਦ ਕੁੜੀ ਦੇ ਸੌਹਰੇ ਸਜ਼ਾਵਾਂ ਭੁਗਤਦੇ ਹਨ ਜਾਂ ਕਚਿਹਰੀਆਂ ਦੇ ਚੱਕਰ ਲਗਾਉਂਦੇ ਹਨ ਜੋ ਕਿ ਬਹੁਤ ਦੁਖਦਾਈ ਹੈ ਅਤੇ ਸਮੇਂ ਦੀ ਬਰਬਾਦੀ ਹੈ।

ਇਸ ਤਰਾਂ ਦੀਆਂ ਘਟਨਾਵਾਂ ਦੇਖ ਜਾਂ ਸੁਣ ਕੇ ਮਨ ਵਿੱਚ ਵਾਰ ਵਾਰ ਸਵਾਲ ਆਉਂਦਾ ਹੈ ਕਿ ਅਸੀਂ ਕਿਹੜੀ ਸਦੀ ਵਿੱਚ ਜੀਅ ਰਹੇ ਹਾਂ ? ਸਾਨੂੰ ਅਜੇ ਤੱਕ ਔਰਤ ਦੀ ਅਹਿਮੀਅਤ ਵੀ ਪਤਾ ਨਹੀਂ ਲੱਗੀ ਹੈ।

ਦੁਨੀਆਂ ਦੇ ਇਤਿਹਾਸ ਵਿੱਚ ਔਰਤਾਂ ਨੇ ਵੱਖ ਵੱਖ ਖੇਤਰਾਂ ਵਿੱਚ ਮਰਦਾਂ ਵਾਂਗ ਹੀ ਮੱਲਾਂ

ਮਾਰੀਆਂ ਹਨ ਫਿਰ ਅਸੀਂ ਔਰਤ ਨੂੰ ਬਰਾਬਰ ਦਾ ਦਰਜ਼ਾ ਕਿਉਂ ਨਹੀਂ ਦੇ ਸਕੇ ? ਕਈ ਮੁਲਕਾਂ ਵਿੱਚ ਔਰਤਾਂ ਦੇਸ਼ਾਂ ਦੀਆਂ ਪ੍ਰਧਾਨ ਮੰਤਰੀ ਹਨ ਅਤੇ ਬੜੇ ਵਧੀਆ ਤਰੀਕੇ ਨਾਲ ਦੇਸ਼ ਹੀ ਨਹੀਂ ਚਲਾਉਂਦੀਆਂ ਬਲਕਿ ਹੋਰ ਮੁਲਕਾਂ ਵਲੋਂ ਉਨ੍ਹਾਂ ਦੇ ਕੀਤੇ ਹੋਏ ਕੰਮ ਦੀ ਉਦਾਹਰਣ ਦਿੱਤੀ ਜਾਂਦੀ ਹੈ। ਨਿਊਜ਼ੀਲੈਂਡ ਵੀ ਉਸ ਵਿੱਚ ਸ਼ਾਮਲ ਹੈ ਜਿਥੇ ਔਰਤ ਪ੍ਰਧਾਨ ਮੰਤਰੀ ਹੈ ਅਤੇ ਨਿਊਜ਼ੀਲੈਂਡ ਵਿੱਚ ਪਹਿਲਾਂ ਵੀ ਔਰਤ ਪ੍ਰਧਾਨ ਮੰਤਰੀ ਰਹਿ ਚੁੱਕੀ ਹੈ। ਭਾਵੇਂ ਕਿ ਕੁੱਝ ਲੋਕ ਔਰਤ ਨੂੰ ਬਰਾਬਰਤਾ ਦੇਣ ਦੀ ਗੱਲ ਕਰਦੇ ਹਨ ਪਰ ਦਾਜ ਦਹੇਜ ਉਹ ਵੀ ਲੈਂਦੇ ਹਨ। ਉਥੇ ਹੀ ਕਈਆਂ ਦਾ ਮੰਨਣਾ ਹੈ ਕਿ ਜਿਸ ਘਰ ਵਿੱਚ ਕੁੜੀ ਪੈਦਾ ਹੋਈ ਉਸ ਘਰ ਵਿੱਚ ਉਸ ਦਾ ਵੀ ਹੱਕ ਬਣਦਾ ਹੈ ਜੋ ਦਾਜ ਦੇ ਰੂਪ ਵਿੱਚ ਦੇਣਾ ਬਣਦਾ ਹੈ। ਕੋਈ ਵੀ ਵਿਅਕਤੀ ਇਸ ਨੂੰ ਠੀਕ ਜਾਂ ਗਲਤ ਸਾਬਤ ਕਰਨ ਲਈ ਆਪਣੀ ਲੋੜ ਮੁਤਾਬਕ ਉਦਾਹਰਣ ਪੇਸ਼ ਕਰ ਸਕਦਾ ਹੈ। ਜੇਕਰ ਠੀਕ ਜਾਂ ਗਲਤ ਨੂੰ ਪਾਸੇ ਰੱਖ ਲਈਏ ਤਾਂ ਸਾਨੂੰ ਇਹ ਜ਼ਰੂਰ ਸਮਝ ਆ ਜਾਵੇਗਾ ਕਿ ਇਹ ਇੱਕ ਵੱਡੀ ਸਮੱਸਿਆ ਹੈ ਜਿਸ ਦੀ ਵਜ੍ਹਾ ਕਰਕੇ ਔਰਤਾਂ ਨਾਲ ਬੇਇਨਸਾਫ਼ੀ ਹੋ ਰਹੀ ਹੈ ਅਤੇ ਸਾਨੂੰ ਇਸ ਮਸਲੇ ਦਾ ਹੱਲ ਲੱਭਣ ਦੀ ਲੋੜ ਹੈ।

ਮੈਨੂੰ ਬਚਪਨ ਤੋਂ ਹੀ ਇਹ ਮਸਲਾ ਕਾਫੀ ਗੰਭੀਰ ਲਗਦਾ ਸੀ। ਜਦੋਂ ਮੈਂ ਅਜੇ ਪੰਜਵੀਂ ਜਮਾਤ ਵਿੱਚ ਹੀ ਪੜ੍ਹਦਾ ਸੀ ਤਾਂ ਮੇਰਾ ਅਧਿਆਪਕ ਸਾਰੀ ਜਮਾਤ ਨੂੰ ਕਹਿਣ ਲੱਗਾ ਕਿ ਇੱਕ ਮੁਕਾਬਲੇ ਵਾਸਤੇ ਡਿਬੇਟ ਤਿਆਰ ਕਰਨਾ ਹੈ। ਉਹ ਕਿਹੜਾ ਡਿਬੇਟ ਕੀਤਾ ਜਾਵੇ ? ਕਿਸੇ ਨੇ ਕੋਈ ਜਵਾਬ ਨਾ ਦਿੱਤਾ ਅਤੇ ਮੈਂ ਕਹਿ ਦਿੱਤਾ ਕਿ ਦਾਜ ਦੀ ਸਮੱਸਿਆ ਬਾਰੇ ਡਿਬੇਟ ਕੀਤਾ ਜਾ ਸਕਦਾ ਹੈ। ਅਧਿਆਪਕ ਨੂੰ ਮੇਰਾ ਸੁਝਾਅ ਪਸੰਦ ਆਇਆ। ਉਸ ਸਮੇਂ ਦਾਜ ਦੀ ਸਮੱਸਿਆ ਹੁਣ ਨਾਲੋਂ ਬਹੁਤ ਘੱਟ ਸੀ। ਭਰੂਣ ਹੱਤਿਆ ਵੀ ਉਨ੍ਹਾਂ ਦਿਨਾਂ ਵਿੱਚ ਨਹੀਂ ਹੁੰਦੀ ਸੀ ਪਰ ਪਤਾ ਨਹੀਂ ਮੈਨੂੰ ਕਿਉਂ ਲਗਦਾ ਸੀ ਕਿ ਆਉਣ ਵਾਲੇ ਸਮੇਂ ਵਿੱਚ ਦਾਜ ਇੱਕ ਬਹੁਤ ਵੱਡੀ ਸਮੱਸਿਆ ਬਣ ਜਾਵੇਗੀ।

ਜਿਹੜਾ ਬੋਲੇ ਉਹੀ ਕੁੰਡਾ ਖੋਲ੍ਹੇ ਵਾਲੀ ਗੱਲ ਹੋਈ। ਅਧਿਆਪਕ ਮੈਨੂੰ ਕਹਿਣ ਲੱਗਾ ਕਿ ਇਸ ਡਿਬੇਟ ਵਾਸਤੇ ਦੋ ਜਣੇ ਚਾਹੀਦੇ ਹਨ। ਇੱਕ ਤੂੰ ਹੋ ਜਾਵੀਂ ਅਤੇ ਇੱਕ ਹੋਰ ਵਿਦਿਆਰਥੀ ਨੂੰ ਉਸ ਨੇ ਚੁਣ ਲਿਆ। ਮੈਨੂੰ ਬਚਪਨ ਤੋਂ ਹੀ ਆਦਤ ਹੈ ਕਿ ਜਿਹੜਾ ਵੀ ਕੰਮ ਕੀਤਾ ਜਾਵੇ ਉਹ 100% ਦੇ ਲਾਗੇ ਹੋਵੇ। ਇਹ ਸੋਚ ਕੇ ਡਿਬੇਟ ਵਾਸਤੇ ਕਾਫੀ ਮਿਹਨਤ ਕੀਤੀ। ਪਹਿਲਾਂ ਲਾਗੇ ਲਾਗੇ ਦੇ ਸਕੂਲਾਂ ਦਾ ਮੁਕਾਬਲਾ ਹੋਇਆ ਅਤੇ ਅਸੀਂ ਜਿੱਤ ਗਏ। ਲੋਕਾਂ ਨੇ ਬਹੁਤ ਤਾੜੀਆਂ ਮਾਰੀਆਂ। ਮੈਨੂੰ ਲੱਗਾ ਕਿ ਲੋਕਾਂ ਤੇ ਕਾਫੀ ਪ੍ਰਭਾਵ ਪਿਆ ਹੈ।

ਇਸ ਮੁਕਾਬਲੇ ਤੋਂ ਬਾਦ ਸਾਡਾ ਜਿਲ੍ਹੇ ਪੱਧਰ ਦਾ ਮੁਕਾਬਲਾ ਹੋਇਆ ਜਿਸ ਨੂੰ ਹਜ਼ਾਰਾਂ

ਲੋਕ ਦੇਖਣ ਆਏ। ਕਾਫੀ ਫਸਵਾਂ ਮੁਕਾਬਲਾ ਸੀ। ਉਸ ਮੁਕਾਬਲੇ ਨੂੰ ਦੇਖਣ ਵਾਸਤੇ ਸਾਡੇ ਪਿੰਡ ਅਤੇ ਹੋਰ ਲਾਗੇ ਦੇ ਪਿੰਡਾਂ ਦੇ ਬਹੁਤ ਲੋਕ ਆਏ। ਅਸੀਂ ਦਾਜ ਦੀ ਸਮੱਸਿਆ ਵਾਲੇ ਡਿਬੇਟ ਵਿੱਚ ਫਿਰ ਜਿੱਤ ਗਏ । ਬਹੁਤ ਸਾਰੇ ਅਧਿਆਪਕਾਂ ਅਤੇ ਇਲਾਕਾ ਨਿਵਾਸੀਆਂ ਨੇ ਸਾਨੂੰ ਸ਼ਾਬਾਸ਼ ਦਿੱਤੀ। ਜਦੋਂ ਐਨੀਆਂ ਤਾੜੀਆਂ ਵੱਜੀਆਂ ਤਾਂ ਮੈਨੂੰ ਲੱਗਾ ਕਿ ਲੋਕਾਂ ਤੇ ਸਾਡੀ ਗੱਲਬਾਤ ਦਾ ਕਾਫੀ ਅਸਰ ਪਿਆ ਹੈ ਅਤੇ ਇਹ ਦਾਜ ਲੈਣੋਂ ਹਟ ਜਾਣਗੇ। ਮੈਨੂੰ ਵੀ ਆਪਣੇ ਆਪ ਤੇ ਕਾਫੀ ਮਾਣ ਹੋਇਆ ਕਿ ਸਿਰਫ ਦਸ ਸਾਲ ਦੀ ਉਮਰ ਵਿੱਚ ਹੀ ਜਿਲ੍ਹਾ ਪੱਧਰ ਤੇ ਪਹਿਲੇ ਨੰਬਰ ਤੇ ਆ ਗਿਆ ਸੀ।

ਇਹ ਸਭ ਕੁੱਝ ਮੇਰੀ ਸੋਚ ਮੁਤਾਬਕ ਨਹੀਂ ਹੋਇਆ। ਲੋਕਾਂ ਨੇ ਦਾਜ ਪਹਿਲਾਂ ਨਾਲੋਂ ਵੀ ਵੱਧ ਲੈਣਾ ਸ਼ੁਰੂ ਕਰ ਦਿੱਤਾ। ਇਸ ਦੇ ਉਲਟ ਲੋਕਾਂ ਮੈਨੂੰ ਕਹਿਣਾ ਸ਼ੁਰੂ ਕਰ ਦਿੱਤਾ ਕਿ ਗੱਲਾਂ ਕਰਨੀਆਂ ਸੌਖੀਆਂ ਹੁੰਦੀਆਂ ਹਨ ਪਰ ਅਸਲ ਜਿੰਦਗੀ ਵਿੱਚ ਲਾਗੂ ਕਰਨੀਆਂ ਬਹੁਤ ਮੁਸ਼ਕਲ। ਲੋਕਾਂ ਮੈਨੂੰ ਇਹ ਵੀ ਕਹਿਣਾ ਸ਼ੁਰੂ ਕਰ ਦਿੱਤਾ ਕਿ ਦੇਖਾਂਗੇ ਜਦੋਂ ਤੂੰ ਵਿਆਹ ਕਰਾਵੇਂਗਾ ਫਿਰ ਤੂੰ ਦਾਜ ਲੈਂਦਾ ਹੈਂ ਕਿ ਨਹੀਂ । ਹਾਲਾਂਕਿ ਉਸ ਵੇਲੇ ਮੇਰੀ ਉਮਰ ਸਿਰਫ 10 ਸਾਲ ਸੀ ਅਤੇ ਮੇਰੇ ਵਿਆਹ ਵਿੱਚ 15 ਸਾਲ ਦੇ ਕਰੀਬ ਹੋਰ ਰਹਿੰਦੇ ਸੀ ਪਰ ਫਿਰ ਵੀ ਲੋਕ ਮੈਨੂੰ ਦੇਖਣ ਲੱਗ ਪਏ।

ਸਾਲ ਬੀਤਦੇ ਗਏ ਮੈਂ ਇਸ ਤਰਾਂ ਦੇ ਡਿਬੇਟ, ਡਰਾਮੇ ਜਾਂ ਲੈਕਚਰ ਕਰਦਾ ਰਿਹਾ ਪਰ ਲੋਕਾਂ ਤੇ ਬਹੁਤਾ ਅਸਰ ਨਾ ਹੋਇਆ। ਮੈਂ ਨਿਊਜ਼ੀਲੈਂਡ ਆ ਗਿਆ। ਮੇਰਾ ਵਿਆਹ ਰੱਖਿਆ ਗਿਆ ਤਾਂ ਮੈਂ ਪਹਿਲਾਂ ਹੀ ਦੱਸ ਦਿੱਤਾ ਕਿ ਦਾਜ ਨਹੀਂ ਲੈਣਾ ਹੈ। ਇਹ ਵੈਸੇ ਵੀ ਮੇਰੇ ਇਮਤਿਹਾਨ ਦੀ ਘੜੀ ਸੀ ਕਿਉਂਕਿ ਮੈਨੂੰ ਦਾਜ ਨਾ ਲੈਂਦਾ ਦੇਖਣ ਲਈ ਲੋਕ 15 ਸਾਲ ਤੋਂ ਵੀ ਵੱਧ ਸਮੇਂ ਤੋਂ ਉਡੀਕ ਕਰ ਰਹੇ ਸੀ।

ਵਿਆਹ ਹੋ ਗਿਆ। ਕੋਈ ਦਾਜ ਨਹੀਂ ਲਿਆ ਅਤੇ ਪਾਰਟੀ ਵੀ ਮੈਂ ਓਵਰਸਟੇ ਹੋਣ ਦੇ ਬਾਵਜੂਦ ਆਪਣੇ ਖਰਚੇ ਤੇ ਕਰ ਲਈ। ਲੋਕ ਫਿਰ ਵੀ ਨਹੀਂ ਬਦਲੇ।

ਮੈਂ ਸੋਚਦਾ ਹਾਂ ਕਿ ਜੇਕਰ ਜਿੰਦਗੀ ਵਿੱਚ ਕੋਈ ਚੰਗਾ ਕੰਮ ਕਰਨਾ ਹੈ ਤਾਂ ਸਾਨੂੰ ਦੂਜੇ ਨੂੰ ਦੇਖਣ ਦੀ ਲੋੜ ਨਹੀਂ ਹੈ ਅਤੇ ਸਾਨੂੰ ਚੰਗਾ ਕੰਮ ਕਰਨ ਲਈ ਕੋਈ ਦਿਨ ਜਾਂ ਸਮਾਂ ਮਿਥਣ ਦੀ ਲੋੜ ਨਹੀਂ ਹੈ। ਜਦੋਂ ਜਿੰਦਗੀ ਵਿੱਚ ਬਦਲਾ ਕਰਨਾ ਹੋਵੇ ਉਸ ਨੂੰ ਉਸੇ ਵੇਲੇ ਕਰ ਲੈਣਾ ਚਾਹੀਦਾ ਹੈ। ਜੇ ਉਸ ਵਾਸਤੇ ਢੁਕਵੇਂ ਸਮੇਂ ਦੀ ਉਡੀਕ ਕਰਨ ਲੱਗ ਪਈਏ ਤਾਂ ਉਹ ਢੁਕਵਾਂ ਸਮਾਂ ਕਈ ਵਾਰ ਕਦੇ ਵੀ ਨਹੀਂ ਆਉਂਦਾ।

ਸਾਨੂੰ ਸਾਰਿਆਂ ਨੂੰ ਦਾਜ ਅਤੇ ਇਸ ਵਰਗੀਆਂ ਹੋਰ ਕੁਰੀਤੀਆਂ ਦਾ ਵਿਰੋਧ ਕਰਨਾ ਚਾਹੀਦਾ ਹੈ ਜਿਸ ਕਾਰਨ ਔਰਤਾਂ ਦੀ ਜ਼ਿੰਦਗੀ ਨਰਕ ਬਣ ਕੇ ਰਹਿ ਜਾਂਦੀ ਹੈ।

ਔਰਤ ਨੂੰ ਬਰਾਬਰਤਾ ਦਾ ਦਰਜ਼ਾ ਕਹਿਣ ਨਾਲ ਨਹੀਂ ਮਿਲਦਾ। ਬਰਾਬਰਤਾ ਦਾ ਦਰਜ਼ਾ ਦੇਣ ਨਾਲ ਮਿਲਦਾ ਹੈ।

❖❖❖❖❖

**# 14**

# ਰੱਖੜੀ – ਸੱਚ 'ਤੇ ਅਧਾਰਤ

ਰੱਖੜੀ ਖੁਸ਼ੀਆਂ ਦਾ ਤਿਉਹਾਰ ਹੈ। ਇਸ ਦਿਨ ਭੈਣ ਭਰਾ ਕਾਫੀ ਰੁਝੇਵਿਆਂ ਭਰੀ ਜ਼ਿੰਦਗੀ ਦੇ ਬਾਵਯੂਦ ਇੱਕ ਦੂਜੇ ਨੂੰ ਮਿਲਦੇ ਹਨ। ਬਹੁਤਿਆਂ ਨੇ ਤਾਂ ਰੱਖੜੀ ਵਾਲੇ ਦਿਨ ਤੇ ਪਹਿਲਾਂ ਹੀ ਨਿਸ਼ਾਨੀ ਲਗਾਈ ਹੁੰਦੀ ਹੈ। ਜਿਨ੍ਹਾਂ ਦੀਆਂ ਭੈਣਾਂ ਵਿਦੇਸ਼ਾਂ ਵਿੱਚ ਹਨ ਉਹ ਡਾਕ ਰਾਹੀਂ ਰੱਖੜੀਆਂ ਭੇਜਦੀਆਂ ਹਨ।

ਇਹ ਗੱਲ ਵੱਖਰੀ ਹੈ ਕਿ ਕੁੱਝ ਲੋਕ ਇਸ ਨੂੰ ਮਨਾਉਂਦੇ ਹਨ ਅਤੇ ਕੁੱਝ ਲੋਕ ਨਹੀਂ। ਇਸ ਬਾਰੇ ਆਪਣਾ ਵਿਚਾਰ ਕੁੱਝ ਵੀ ਹੋਵੇ। ਉਸ ਵਿਚਾਰ ਨੂੰ ਪਰੇ ਰੱਖ ਕੇ ਦੇਖੀਏ ਤਾਂ ਇਹ ਇੱਕ ਦੂਜੇ ਨੂੰ ਮਿਲਣ ਦਾ ਅਤੇ ਰੌਣਕ ਮੇਲੇ ਦਾ ਤਿਉਹਾਰ ਹੈ। ਭੈਣਾਂ ਆਪਣੇ ਭਰਾਵਾਂ ਨੂੰ ਰੱਖੜੀ ਬੰਨ੍ਹਦੀਆਂ ਹਨ ਅਤੇ ਭਰਾ ਰੱਖੜੀ ਦੀ ਖੁਸ਼ੀ ਵਿੱਚ ਭੈਣਾਂ ਨੂੰ ਗਿਫਟ (ਤੋਹਫੇ) ਦਿੰਦੇ ਹਨ। ਉਨ੍ਹਾਂ ਦੇ ਬੱਚਿਆਂ ਨੂੰ ਇੱਕ ਦੂਜੇ ਨਾਲ ਖੇਡਣ ਦਾ ਅਤੇ ਖਾਣ ਪੀਣ ਦਾ ਮੌਕਾ ਮਿਲ ਜਾਂਦਾ ਹੈ। ਵਿਦੇਸ਼ਾਂ ਵਿੱਚ ਇਸ ਦੀ ਅਹਿਮੀਅਤ ਹੋਰ ਵੀ ਵਧ ਜਾਂਦੀ ਹੈ ਕਿਉਂਕਿ ਸਭ ਲੋਕ ਕੰਮਾਂ ਕਾਰਾਂ ਵਿੱਚ ਰੁਝੇ ਹੋਣ ਕਰਕੇ ਇੱਕ ਦੂਜੇ ਨੂੰ ਦਿਨਾਂ ਤਿਉਹਾਰਾਂ ਤੇ ਹੀ ਜਿਆਦਾ ਮਿਲਦੇ ਹਨ।

ਇਨ੍ਹਾਂ ਦਿੱਤੇ ਹੋਏ ਤੋਹਫ਼ਿਆਂ ਵਿੱਚ ਵੀ ਕਈ ਵਾਰ ਡੂੰਘਾ ਪਿਆਰ ਦੇਖਣ ਨੂੰ ਮਿਲਦਾ ਹੈ। ਇੱਕ ਘਟਨਾ ਆਪ ਨਾਲ ਸਾਂਝੀ ਕਰ ਰਿਹਾ ਹਾਂ।

ਬਚਪਨ ਤੋਂ ਹੀ ਇਕੱਠੇ ਰਹਿਣ ਕਰਕੇ, ਉਮਰ ਵਿੱਚ ਬਹੁਤਾ ਫਰਕ ਨਾ ਹੋਣ ਕਰਕੇ ਅਤੇ ਆਪਸੀ ਪਿਆਰ ਕਰਕੇ ਮੈਂ ਆਪਣੇ ਭਤੀਜਾ ਤੇ ਭਤੀਜੀ ਨੂੰ ਭਰਾ ਤੇ ਭੈਣ ਹੀ ਸਮਝਿਆ ਜੋ ਅੱਜ ਵੀ ਇਸੇ ਤਰਾਂ  ਹੀ ਹੈ। ਇਸ ਦਾ ਕਾਰਨ ਇੱਕ ਇਹ ਵੀ ਸੀ ਕਿ ਮੇਰੇ ਭਰਾ ਅਤੇ

ਭਰਜਾਈ ਨੇ ਹੀ ਮੈਨੂੰ ਆਪਣੇ ਬੱਚਿਆਂ ਵਾਂਗ ਪਾਲਿਆ ਤੇ ਪੜ੍ਹਾਇਆ ਸੀ। ਇਸ ਕਰਕੇ ਸਾਡਾ ਬੱਚਿਆਂ ਦਾ ਵੀ ਆਪਸ ਵਿੱਚ ਕਦੇ ਭੇਦ ਭਾਵ ਨਹੀਂ ਹੋਇਆ।

ਜਦੋਂ 1989 ਵਿੱਚ ਮੈਂ ਪੰਜਾਬ ਛੱਡਿਆ ਤਾਂ ਸਾਡਾ ਭੈਣਾਂ ਭਰਾਵਾਂ ਦਾ ਵਿਛੋੜਾ ਪੈ ਗਿਆ। ਸਿਰਫ ਦੋ ਸੌ ਡਾਲਰ ਲੈ ਕੇ ਮੈਂ ਨਿਊਜ਼ੀਲੈਂਡ ਆ ਗਿਆ। ਕੰਮ ਕਾਰ ਬਹੁਤ ਘੱਟ ਜਾਂ ਨਾ ਮਿਲਣ ਕਰਕੇ ਸੰਨ 1990 ਦੀ ਰੱਖੜੀ ਨੂੰ ਮੇਰੇ ਕੋਲ ਸਿਰਫ ਨਿਊਜ਼ੀਲੈਂਡ ਦਾ ਇੱਕ ਡਾਲਰ ਹੀ ਰਹਿ ਗਿਆ। ਉਨ੍ਹਾਂ ਦਿਨਾਂ ਵਿੱਚ ਇੱਕ ਡਾਲਰ ਕਾਗਜ਼ ਦਾ ਹੁੰਦਾ ਸੀ। ਮੈਨੂੰ ਪੰਜਾਬ ਤੋਂ ਭੈਣ ਦੀ ਰੱਖੜੀ ਆ ਗਈ। ਉਨ੍ਹਾਂ ਦਿਨਾਂ ਵਿੱਚ ਫੋਨ ਨਹੀਂ ਸਨ। ਚਿਠੀਆਂ ਹੀ ਲਿਖਦੇ ਹੁੰਦੇ ਸੀ। ਮੈਂ ਭੈਣ ਨੂੰ ਚਿੱਠੀ ਲਿਖੀ ਅਤੇ ਵਿੱਚ ਉਹੀ ਇੱਕ ਡਾਲਰ ਦਾ ਨੋਟ ਪਾ ਦਿੱਤਾ ਅਤੇ ਲਿਖਿਆ ਕਿ ਇਹ ਮੇਰੇ ਕੋਲ ਨਿਊਜ਼ੀਲੈਂਡ ਵਿੱਚ ਆਖਰੀ ਨੋਟ ਹੀ ਸੀ।

ਇਸ ਗੱਲ ਨੂੰ ਤੀਹ ਸਾਲ ਹੋ ਗਏ ਹਨ। ਉਸ ਤੋਂ ਬਾਦ ਭੈਣ ਕਨੇਡਾ ਚਲੀ ਗਈ। ਫਿਰ ਪੰਜਾਬ ਜਾ ਕੇ ਭੈਣ ਦਾ ਵਿਆਹ ਹੋਇਆ। ਉਹ ਦੂਜੇ ਘਰ ਚਲੀ ਗਈ ਅਤੇ ਇਸ ਦੌਰਾਨ ਹੋਰ ਵੀ ਬਹੁਤ ਘਟਨਾਵਾਂ ਵਾਪਰੀਆਂ। ਇਸ ਸਭ ਕੁੱਝ ਦੇ ਦੌਰਾਨ ਭੈਣ ਨੇ ਉਹ ਡਾਲਰ ਗੁਆਚਣ ਨਹੀਂ ਦਿੱਤਾ ਜੋ ਕਿ ਅੱਜ ਵੀ ਉਸ ਦੇ ਕੋਲ ਹੀ ਹੈ ਕਿਉਂਕਿ ਇਹ ਉਸ ਦੇ ਭਰਾ ਦੇ ਔਖੇ ਵੇਲੇ ਦੀ ਦਿੱਤੀ ਹੋਈ ਨਿਸ਼ਾਨੀ ਸੀ ਜਿਨ੍ਹਾਂ ਦਿਨਾਂ ਵਿੱਚ ਉਸ ਦੇ ਭਰਾ ਨੂੰ ਨਿਊਜ਼ੀਲੈਂਡ ਵਿੱਚ ਰੋਟੀ ਵੀ ਕਦੇ ਕਦਾਈਂ ਹੀ ਮਿਲਦੀ ਸੀ ਤੇ ਭਰਾ ਜੰਗਲਾਂ ਵਿੱਚ ਹੀ ਰਹਿੰਦਾ ਸੀ। ਇਸ ਤਰਾਂ ਦੀਆਂ ਸਾਂਭੀਆਂ ਹੋਈਆਂ ਨਿਸ਼ਾਨੀਆਂ ਆਪਸੀ ਗੂੜ੍ਹਾ ਪਿਆਰ ਦਿਖਾਉਂਦੀਆਂ ਹਨ। ਕਈ ਭੈਣਾਂ ਭਰਾ ਕਿਸੇ ਕਾਰਨ ਇੱਕ ਦੂਜੇ ਨਾਲ ਰੁੱਸ ਜਾਂਦੇ ਹਨ। ਰੱਖੜੀ ਦੇ ਦਿਨ ਉਨ੍ਹਾਂ ਨੂੰ ਵੀ ਮੌਕਾ ਮਿਲਦਾ ਹੈ ਕਿ ਉਹ ਪੁਰਾਣੇ ਗੁੱਸੇ ਛੱਡ ਦੇਣ ਅਤੇ ਫਿਰ ਪਹਿਲਾਂ ਵਾਂਗ ਹੋ ਜਾਣ। ਇਸ ਕਰਕੇ ਰੱਖੜੀ ਵਿਛੜਿਆਂ ਅਤੇ ਰੁਸਿਆਂ ਨੂੰ ਮਿਲਾਉਣ ਵਾਲਾ ਦਿਨ ਹੈ। ਇੱਕ ਧਾਗਾ ਭਾਵੇਂ ਜ਼ਿੰਦਗੀ ਤੇ ਅਸਰ ਨਾ ਪਾਵੇ ਪਰ ਭੈਣਾਂ ਭਰਾਵਾਂ ਦਾ ਪਿਆਰ ਇੱਕ ਦੂਜੇ ਦੀ ਜ਼ਿੰਦਗੀ ਤੇ ਅਸਰ ਜ਼ਰੂਰ ਪਾਉਂਦਾ ਹੈ।

ਮੈਂ ਉਮੀਦ ਕਰਦਾ ਹਾਂ ਕਿ ਭੈਣਾਂ ਭਰਾਵਾਂ ਦੇ ਪਿਆਰ ਸਾਰੀ ਦੁਨੀਆਂ ਵਿੱਚ ਇਸੇ ਤਰਾਂ ਕਾਇਮ ਰਹਿਣ ਅਤੇ ਅਸੀਂ ਇੱਕ ਦੂਜੇ ਨਾਲ ਆਪਣੀਆਂ ਖੁਸ਼ੀਆਂ ਸਾਂਝੀਆਂ ਕਰਦੇ ਰਹੀਏ।

❖❖❖❖❖

# 15

## ਕਿਸਮਤ

ਭਾਰਤ ਵਿੱਚ ਬਹੁਤ ਸਾਰੇ ਲੋਕ ਕਿਸਮਤ ਤੇ ਯਕੀਨ ਰੱਖਦੇ ਹਨ। ਕਿਸਮਤ ਤੇ ਯਕੀਨ ਰੱਖਣ ਵਾਲੇ ਲੋਕ ਜਿਆਦਾਤਰ ਧਾਰਮਿਕ ਅਤੇ ਰੱਬ ਤੇ ਯਕੀਨ ਰੱਖਣ ਵਾਲੇ ਹੁੰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਕਿਸਮਤ ਰੱਬ ਨੇ ਪਹਿਲਾਂ ਹੀ ਲਿਖੀ ਹੋਈ ਹੁੰਦੀ ਹੈ ਅਤੇ ਸਭ ਕੁੱਝ ਉਸ ਲਿਖੇ ਮੁਤਾਬਕ ਹੀ ਵਾਪਰਨਾ ਹੁੰਦਾ ਹੈ।

ਗੋਰਿਆਂ ਦੇ ਮੁਲਕਾਂ ਵਿੱਚ ਕਿਸਮਤ  ਲਫ਼ਜ਼ ਜ਼ਰੂਰ ਵਰਤਿਆ ਜਾਂਦਾ ਹੈ ਪਰ ਆਮ ਜ਼ਿੰਦਗੀ ਵਿੱਚ ਬਹੁਤ ਘੱਟ ਇਸ ਤਰ੍ਹਾਂ ਦੇ ਲੋਕ ਮਿਲਦੇ ਹਨ ਜਿਹੜੇ ਕਿਸਮਤ ਤੇ ਯਕੀਨ ਕਰਦੇ ਹਨ ਜਾਂ ਇਸ ਤਰਾਂ ਕਹਿ ਸਕਦੇ ਹਾਂ ਕਿ ਗੋਰੇ ਅੰਨ੍ਹੇ ਵਾਹ ਕਿਸਮਤ ਤੇ ਯਕੀਨ ਨਹੀਂ ਕਰਦੇ।

ਮੈਂ ਗਰੀਬਾਂ ਵਿੱਚ, ਮੱਧ ਵਰਗ ਵਿੱਚ ਅਤੇ ਬਹੁਤ ਜਿਆਦਾ ਅਮੀਰਾਂ ਵਿੱਚ ਵੀ ਵਿਚਰਿਆ ਹਾਂ। ਮੈਂ ਦੇਖਿਆ ਕਿ ਗਰੀਬ ਕਿਸਮਤ ਤੇ ਜਿਆਦਾ ਯਕੀਨ ਕਰਦੇ ਹਨ। ਮੱਧ ਵਰਗ ਕਿਸਮਤ ਤੇ ਘੱਟ ਯਕੀਨ ਕਰਦਾ ਹੈ ਅਤੇ ਬਹੁਤ ਜਿਆਦਾ ਅਮੀਰ ਵਰਗ ਕਿਸਮਤ ਤੇ ਬਿਲਕੁਲ ਯਕੀਨ ਨਹੀਂ ਕਰਦਾ। ਮੈਂ ਬਹੁਤ ਵਾਰ ਸੋਚਦਾ ਹਾਂ ਕਿ ਅਮੀਰ ਵੀ ਪਹਿਲਾਂ ਗਰੀਬ ਹੀ ਹੁੰਦਾ ਹੈ ਅਤੇ ਉਸ ਵੇਲੇ ਉਹ ਵੀ ਕਿਸਮਤ ਤੇ ਯਕੀਨ ਕਰਦਾ ਹੈ। ਉਹ ਜਦੋਂ ਅਮੀਰ ਬਣਦਾ ਜਾਂਦਾ ਹੈ ਤਾਂ ਉਸ ਦਾ ਕਿਸਮਤ ਤੋਂ ਵਿਸ਼ਵਾਸ ਉੱਠਦਾ ਜਾਂਦਾ ਹੈ ਅਤੇ ਜਿਆਦਾ ਅਮੀਰ ਹੋਣ ਤੋਂ ਬਾਦ ਵਿਸ਼ਵਾਸ ਬਿਲਕੁਲ ਉੱਠ ਜਾਂਦਾ ਹੈ।

ਹੁਣ ਦੇਖਣ ਦੀ ਲੋੜ ਹੈ ਕਿ ਗਰੀਬ ਕਿਸਮਤ ਤੇ ਕਿਉਂ ਯਕੀਨ ਕਰਦਾ ਹੈ ? ਅਮੀਰ ਦੀ ਜਰੂਰਤ ਹੁੰਦੀ ਹੈ ਕਿ ਗਰੀਬ ਕਿਸਮਤ ਤੇ ਯਕੀਨ ਕਰੇ। ਇਸ ਕਰਕੇ ਅਮੀਰ ਇਸ ਤਰਾਂ ਦੇ ਹਲਾਤ ਪੈਦਾ ਕਰਦਾ ਹੈ ਕਿ ਗਰੀਬ ਕਿਸਮਤ ਤੇ ਯਕੀਨ ਕਰਦਾ ਰਹੇ। ਇਸ ਸਬੰਧੀ

ਕਹਾਣੀਆਂ ਘੜ੍ਹ ਕੇ ਗਰੀਬਾਂ ਨੂੰ ਸੁਣਾਈਆਂ ਜਾਂਦੀਆਂ ਹਨ, ਇਸ ਤਰਾਂ ਦਾ ਇਤਿਹਾਸ ਘੜ੍ਹ ਕੇ ਗਰੀਬਾਂ ਨੂੰ ਸੁਣਾਇਆ ਜਾਂ ਪੜ੍ਹਾਇਆ ਜਾਂਦਾ ਹੈ ਕਿ ਗਰੀਬ ਕਿਸਮਤ ਤੇ ਯਕੀਨ ਕਰਦਾ ਰਹੇ।

ਸਰਕਾਰਾਂ ਨੂੰ ਵੀ ਕਿਸਮਤ ਤੇ ਯਕੀਨ ਰੱਖਣ ਵਾਲੇ ਲੋਕ ਚਾਹੀਦੇ ਹੁੰਦੇ ਹਨ ਤਾਂ ਜੋ ਆਪਣੇ ਮਾੜੇ ਹਲਾਤਾਂ ਵਾਸਤੇ ਲੋਕ ਸਰਕਾਰਾਂ ਨੂੰ ਜਿੰਮੇਵਾਰ ਨਾ ਠਹਿਰਾਉਣ। ਆਪਣੀ ਮਾੜੀ ਕਿਸਮਤ ਨੂੰ ਕੋਸਣ।

ਬਹੁਤੇ ਧਰਮ ਅਗਲੇ ਜਨਮ ਨੂੰ ਸਵਾਰਨ ਦਾ ਲਾਰਾ ਲਾ ਕੇ ਇਸ ਜਨਮ ਦਾ ਬੇੜਾ ਬਿਠਾ ਰਹੇ ਹਨ। ਜੇ ਭਗਤੀ ਨਾਲ ਜਾਂ ਰੱਬ ਦਾ ਨਾਮ ਲੈਣ ਨਾਲ ਆਹ ਜਨਮ ਨਹੀਂ ਸੁਧਰਿਆ ਤਾਂ ਅਗਲਾ ਜਨਮ ਕਿਸ ਤਰਾਂ ਸੁਧਰੇਗਾ? ਵਿਗਿਆਨਕ ਨਜ਼ਰੀਏ ਨਾਲ ਦੇਖੋ ਤਾਂ ਅਗਲਾ ਜਨਮ ਹੁੰਦਾ ਹੀ ਨਹੀਂ।

ਇਸ ਤਰ੍ਹਾਂ ਦੇ ਅਖਾਣ ਜਾਂ ਕਹਾਵਤਾਂ ਸੁਣਾਈਆਂ ਜਾਂਦੀਆਂ ਹਨ ਕਿ ਲੋਕ ਕਿਸਮਤ ਤੇ ਯਕੀਨ ਕਰਕੇ ਹੱਥ ਤੇ ਹੱਥ ਧਰ ਕੇ ਬੈਠੇ ਰਹਿਣ ਜਿਸ ਤਰਾਂ:

*ਲੇਖ (ਕਿਸਮਤ) ਜਾਣਗੇ ਨਾਲ*
*ਨਾ ਜਾਹ ਬਰਮਾ ਨੂੰ।*

ਭਾਵ ਇਹ ਕਿਹਾ ਜਾਂਦਾ ਹੈ ਕਿ ਤੂੰ ਇੱਕ ਥਾਂ ਛੱਡ ਕੇ ਦੂਜੇ ਥਾਂ ਵੀ ਨਾ ਜਾਵੀਂ। ਤੇਰੇ ਲੇਖ ਜਾਂ ਕਿਸਮਤ ਉਥੇ ਵੀ ਨਾਲ ਜਾਣਗੇ ਭਾਵ ਅਸੀਂ ਆਪਣੇ ਨਿਆਣਿਆਂ ਦੇ ਪੈਰਾਂ ਵਿੱਚ ਕਿਸਮਤ ਰੂਪੀ ਬੇੜੀਆਂ ਪਾ ਦਿੰਦੇ ਹਾਂ ਤਾਂ ਕਿ ਉਹ ਸਾਰੀ ਜ਼ਿੰਦਗੀ ਹੱਥ ਤੇ ਹੱਥ ਧਰ ਕੇ ਬੈਠੇ ਰਹਿਣ।

ਉਸ ਦੇ ਨਾਲ ਅਮੀਰ ਨੂੰ ਇਹ ਫਾਇਦਾ ਹੁੰਦਾ ਹੈ ਕਿ ਗਰੀਬ ਅਮੀਰਾਂ ਪ੍ਰਤੀ ਜਾਂ ਸਰਕਾਰ ਪ੍ਰਤੀ ਬਗਾਵਤ ਨਹੀਂ ਕਰਦਾ। ਉਹ ਆਪਣੀ ਮਾੜੀ ਕਿਸਮਤ ਨੂੰ ਕੋਸਦਾ ਰਹਿੰਦਾ ਹੈ ਕਿ ਮੇਰੀ ਕਿਸਮਤ ਹੀ ਮਾੜੀ ਲਿਖੀ ਹੋਈ ਹੈ।

ਫਿਰ ਗਰੀਬ ਨੂੰ ਇਸ ਤਰਾਂ ਦੀਆਂ ਕਹਾਣੀਆਂ ਸੁਣਾਈਆਂ ਜਾਂਦੀਆਂ ਹਨ ਕਿ ਉਹ ਗਰੀਬ ਹੋਣ ਵਿੱਚ ਹੀ ਮਾਣ ਮਹਿਸੂਸ ਕਰੇ। ਜਿਸ ਤਰਾਂ ਰੱਬ ਗਰੀਬੀ ਦਾਵੇ ਮਿਲਦਾ ਹੈ। ਉਸ ਨੂੰ ਇਹ ਸਿਖਾਇਆ ਜਾਂਦਾ ਹੈ ਕਿ ਜਿਹੜਾ ਫ਼ਲ ਹੌਲੀ ਹੌਲੀ ਪੱਕਦਾ ਹੈ ਉਹੀ ਮਿੱਠਾ ਹੁੰਦਾ ਹੈ। ਇਸ ਕਰਕੇ ਗਰੀਬ ਸਾਰੀ ਉਮਰ ਫ਼ਲ ਹੌਲੀ ਹੌਲੀ

ਪਕਾਉਂਦਾ ਰਹਿੰਦਾ ਹੈ ਅਤੇ ਜੇ ਫ਼ਲ ਪੱਕ ਵੀ ਜਾਵੇ ਤਾਂ ਕੋਈ ਹੋਰ ਖਾ ਜਾਂਦਾ ਹੈ।

ਹੈਰਾਨੀ ਹੋਰ ਵਧ ਜਾਂਦੀ ਹੈ ਕਿ ਕਈ ਦਹਾਕੇ ਬੀਤਣ ਤੋਂ ਬਾਦ ਵੀ ਗਰੀਬ ਨੂੰ ਇਹ ਗੱਲ ਸਮਝ ਨਹੀਂ ਲਗਦੀ ਕਿ ਜੋ ਕਿਸਮਤ ਵਿੱਚ ਲਿਖਿਆ ਉਹ ਨਹੀਂ ਮਿਲਦਾ। ਉਹ ਜਾਂ ਤਾਂ ਆਪ ਉਪਰਾਲਾ ਕਰਕੇ ਪ੍ਰਾਪਤ ਕਰਨਾ ਹੁੰਦਾ ਹੈ ਜਾਂ ਸਰਕਾਰਾਂ ਨੇ ਸਹੂਲਤ ਦੇ ਤੌਰ ਤੇ ਦੇਣਾ ਹੁੰਦਾ ਹੈ। ਫਿਰ ਗਰੀਬ ਕਿਸਮਤ ਤੇ ਯਕੀਨ ਰੱਖਣ ਦੀ ਗੱਲ ਆਪਣੀ ਅਗਲੀ ਪੀੜ੍ਹੀ ਨੂੰ ਦੱਸ ਜਾਂਦੇ ਹਨ। ਭਾਵ ਕਿਸਮਤ ਤੇ ਯਕੀਨ ਕਰਕੇ ਸਾਰੀ ਜ਼ਿੰਦਗੀ ਆਪ ਫੇਲ (ਨਾਕਾਮਯਾਬ) ਹੋਏ ਅਤੇ ਇਹੀ ਫੇਲ (ਨਾਕਾਮਯਾਬ) ਹੋਣ ਦਾ ਤਰੀਕਾ ਅਗਲੀ ਪੀੜ੍ਹੀ ਨੂੰ ਦੱਸ ਦਿੱਤਾ। ਜੇਕਰ ਕੋਈ ਪੁੱਤ ਜਾਂ ਧੀ ਇਸ ਪ੍ਰਤੀ ਬਗਾਵਤ ਕਰੇ ਤਾਂ ਉਸ ਨੂੰ ਇਹ ਕਹਿ ਕੇ ਚੁੱਪ ਕਰਾ ਦਿੱਤਾ ਜਾਂਦਾ ਹੈ ਕਿ ਤੂੰ ਸਾਨੂੰ ਜੰਮਿਆਂ ਸੀ ਜਾਂ ਅਸੀਂ ਤੈਨੂੰ ? ਇਹ ਸੁਣ ਕੇ ਨਾਂ ਚਾਹੁੰਦੇ ਹੋਏ ਜੁਆਨ ਪੁੱਤ-ਧੀ ਨੂੰ ਵੀ ਚੁੱਪ ਕਰਨਾ ਪੈਂਦਾ ਹੈ ਜੋ ਕੇ ਬਹੁਤ ਦੁੱਖ ਦੀ ਗੱਲ ਹੈ।

ਜੇ ਇਹ ਕਿਸਮਤ ਤੇ ਯਕੀਨ ਰੱਖਣ ਵਾਲੇ ਪੁੱਤ-ਧੀ  ਗੋਰਿਆਂ ਦੇ ਮੁਲਕਾਂ ਵਿੱਚ ਆ ਗਏ ਤਾਂ ਉਥੇ ਇਨ੍ਹਾਂ ਦੇ ਫੇਲ ਹੋਣ ਦੇ ਮੌਕੇ ਵਧ ਜਾਂਦੇ ਹਨ। ਜਦੋਂ ਇਨ੍ਹਾਂ ਵਿਚੋਂ ਕੋਈ ਮੈਨੇਜਰ ਲੈਵਲ ਦੇ ਅਹੁਦੇ ਤੇ ਜਾਂਦਾ ਹੈ ਤਾਂ ਸਾਲ ਵਿੱਚ ਕਈ ਮੀਟਿੰਗਾਂ ਹੁੰਦੀਆਂ ਹਨ। ਮੈਨੇਜਰ ਦਾ ਕੰਮ ਕੰਪਨੀਆਂ ਦੇ ਮਾਲਕਾਂ ਨੂੰ ਰਿਪੋਰਟ ਕਰਨਾ ਹੁੰਦਾ ਹੈ। ਜੇਕਰ ਕਿਸੇ ਵਜ੍ਹਾ ਕਰਕੇ ਕੰਪਨੀ ਦੀ ਪ੍ਰੋਡਕਸ਼ਨ ਘੱਟ ਜਾਵੇ ਤਾਂ ਮੈਨੇਜਰ ਨੇ ਮਾਲਕ ਨੂੰ ਵਜ੍ਹਾ ਦੱਸਣੀ ਹੁੰਦੀ ਹੈ ਕਿ ਘਾਟਾ ਕਿਉਂ ਪਿਆ ? ਹੁਣ ਜੇ ਵਜ੍ਹਾ ਦੱਸਣ ਦੀ ਬਜਾਏ ਮੈਨੇਜਰ ਮਾਲਕ ਨੂੰ ਕਹੇ ਕਿ ਤੈਨੂੰ ਘਾਟਾ ਤਾਂ ਪਿਆ ਕਿਉਂਕਿ ਤੇਰੀ ਕਿਸਮਤ ਵਿੱਚ ਇਹੀ ਲਿਖਿਆ ਸੀ ਜਾਂ ਮਾਲਕ ਨੂੰ ਕਹੇ ਕਿ ਰੱਬ ਨੇ ਜੋ ਲਿਖਿਆ ਸੀ ਉਹ ਤੈਨੂੰ ਮਿਲ ਗਿਆ ਤਾਂ ਮੈਨੂੰ ਪੂਰੀ ਉਮੀਦ ਹੈ ਕਿ ਮੈਨੇਜਰ ਨੂੰ ਉਸੇ ਦਿਨ ਕੰਮ ਤੋਂ ਕੱਢ ਦਿੱਤਾ ਜਾਵੇਗਾ। ਇਸ ਦੇ ਦੋਸ਼ੀ ਮਾਪੇ ਹੋਣਗੇ ਜਿਨ੍ਹਾਂ ਆਪਣੀ ਔਲਾਦ ਨੂੰ ਕਿਸਮਤ ਜਾਂ ਰੱਬ ਤੇ ਯਕੀਨ ਰੱਖਣਾ ਸਿਖਾਇਆ ਸੀ।

ਇਸ ਦੇ ਉਲਟ ਮੈਂ ਦੇਖਦਾ ਹਾਂ ਕਿ ਵਿਗਿਆਨੀ ਖੋਜਾਂ ਕਰਦੇ ਹੋਏ ਬਹੁਤ ਵਾਰ ਫੇਲ ਹੋਏ ਪਰ ਉਨ੍ਹਾਂ ਕਿਸਮਤ ਤੇ ਯਕੀਨ ਨਹੀਂ ਕੀਤਾ ਅਤੇ ਵਾਰ ਵਾਰ ਪ੍ਰਯੋਗ ਕਰਦੇ ਰਹੇ ਜਦੋਂ ਤੱਕ ਉਨ੍ਹਾਂ ਨੂੰ ਉਸ ਵਿੱਚ ਸਫਲਤਾ ਨਹੀਂ ਮਿਲੀ।

ਵਿਗਿਆਨੀ ਐਡੀਸਨ ਜਦੋਂ ਬਲਬ ਬਣਾ ਰਿਹਾ ਸੀ ਤਾਂ ਉਹ ਇੱਕ ਹਜ਼ਾਰ ਤੋਂ ਵੱਧ ਵਾਰ ਫੇਲ ਹੋਇਆ। ਕੋਈ ਉਸ ਨੂੰ ਆ ਕੇ ਕਹਿਣ ਲੱਗਾ ਕਿ ਐਡੀਸਨ ਬਲਬ ਬਣਾਉਣਾ ਤੇਰੀ ਕਿਸਮਤ ਵਿੱਚ ਨਹੀਂ ਲਿਖਿਆ ਇਸ ਕਰਕੇ ਤੂੰ ਹਜ਼ਾਰਾਂ ਵਾਰ ਫੇਲ ਹੋਇਆ ਹੈਂ। ਐਡੀਸਨ ਅੱਗੋਂ ਹੱਸ ਕੇ ਕਹਿੰਦਾ ਕਿ ਮੈਂ ਹਜ਼ਾਰ ਵਾਰ ਫੇਲ ਨਹੀਂ ਹੋਇਆ ਸਗੋਂ ਮੈਨੂੰ ਪਤਾ ਲੱਗ

ਗਿਆ ਹੈ ਕਿ ਇਨ੍ਹਾਂ ਤਰੀਕਿਆਂ ਨੇ ਕੰਮ ਨਹੀਂ ਕੀਤਾ ਅਤੇ ਇਸ ਕਰਕੇ ਮੈਨੂੰ ਨਵੇਂ ਤਰੀਕੇ ਵਰਤਣ ਦੀ ਲੋੜ ਹੈ। ਸਭ ਜਾਣਦੇ ਹਨ ਕਿ ਐਡੀਸਨ ਨੇ ਬਲਬ ਦੀ ਖੋਜ ਕਰਕੇ ਦੁਨੀਆਂ ਰੌਸ਼ਨ ਕਰ ਦਿੱਤੀ ਸੀ ਪਰ ਜੇ ਐਡੀਸਨ ਵੀ ਕਿਸਮਤ ਤੇ ਯਕੀਨ ਰੱਖਣ ਵਾਲਾ ਹੁੰਦਾ ਤਾਂ ਸ਼ਾਇਦ ਸਾਡੇ ਘਰਾਂ ਵਿੱਚ ਅਜੇ ਵੀ ਹਨੇਰਾ ਹੁੰਦਾ।

ਇਸ ਕਰਕੇ ਲੋੜ ਹੈ ਨਵੀਂ ਪੀੜ੍ਹੀ ਨੂੰ ਵਿਗਿਆਨ ਨਾਲ ਜੋੜਨ ਦੀ। ਵਿਗਿਆਨ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ ਜਦੋਂ ਤੁਸੀਂ ਆਪਣੇ ਧੀਆਂ ਜਾਂ ਪੁੱਤ ਵਿਦੇਸ਼ਾਂ ਨੂੰ ਭੇਜਣੇ ਹਨ। ਵਿਦੇਸ਼ਾਂ ਵਿੱਚ ਕਿਸਮਤ ਤੇ ਯਕੀਨ ਰੱਖਣ ਵਾਲੇ ਉੱਚੇ ਅਹੁਦਿਆਂ ਤੇ ਨਹੀਂ ਪਹੁੰਚ ਸਕਦੇ। ਉੱਚੇ ਅਹੁਦਿਆਂ ਤੇ ਪਹੁੰਚਣ ਲਈ ਸੰਘਰਸ਼ ਕਰਨਾ ਪੈਂਦਾ ਹੈ। ਹੱਕ ਕਿਸਮਤ ਵਿੱਚ ਲਿਖੇ ਹੋਣ ਕਰਕੇ ਨਹੀਂ ਮਿਲਦੇ। ਇਹ ਕਾਬਲੀਅਤ ਨਾਲ ਲੈਣੇ ਪੈਂਦੇ ਹਨ ਅਤੇ ਕਈ ਵਾਰ ਖੋਹ ਕੇ ਲੈਣੇ ਪੈਂਦੇ ਹਨ ਜੋ ਕਿ ਸਿਰਫ ਸਿਰੜੀ ਬੰਦਿਆਂ ਦਾ ਕੰਮ ਹੁੰਦਾ ਹੈ। ਉੱਚੇ ਅਹੁਦੇ ਪ੍ਰਾਪਤ ਕਰਨ ਲਈ ਹੱਥ ਜੋੜਨ ਦੀ ਲੋੜ ਨਹੀਂ ਪੈਂਦੀ ਸਗੋਂ ਹੱਥ ਖੋਲ੍ਹ ਕੇ ਵਰਤਣ ਦੀ ਲੋੜ ਪੈਂਦੀ ਹੈ।

ਕਿਸਮਤ ਤੇ ਯਕੀਨ ਰੱਖਣ ਵਾਲੇ ਦੀ ਹਮੇਸ਼ਾਂ ਲੁੱਟ ਹੁੰਦੀ ਹੈ। ਉਹ ਲੁੱਟ ਭਾਵੇਂ ਸਮਾਜ ਕਰੇ, ਸ਼ਾਹੂਕਾਰ ਕਰਨ ਜਾਂ ਸਰਕਾਰ ਕਰੇ। ਕਿਸਮਤ ਤੇ ਯਕੀਨ ਰੱਖਣ ਵਾਲਾ ਬਗਾਵਤ ਨਹੀਂ ਕਰ ਸਕਦਾ। ਇਸ ਸਭ ਤੋਂ ਬਚਣ ਲਈ ਵਿਗਿਆਨਕ ਨਜ਼ਰੀਆ ਅਪਨਾਉਣ ਦੀ ਲੋੜ ਹੈ। ਹਰ ਇੱਕ ਗੱਲ ਨੂੰ ਤਰਕ ਦੀ ਕਸੌਟੀ ਤੇ ਪਰਖਿਆ ਜਾਵੇ। ਮਨੁੱਖ ਦਾ ਦ੍ਰਿੜ ਨਿਸਚਾ ਹੀ ਤਰੱਕੀਆਂ ਦੇ ਰਾਹ ਖੋਲ੍ਹਦਾ ਹੈ। ਬਾਬਾ ਨਜ਼ਮੀ ਲਿਖਦੇ ਹਨ:

*ਬੇਹਿਮਤੇ ਨੇ ਜਿਹੜੇ ਸ਼ਿਕਵਾ*
*ਕਰਨ ਮੁਕੱਦਰਾਂ (ਕਿਸਮਤ) ਦਾ*
*ਉਗਣ ਵਾਲੇ ਉੱਗ ਪੈਂਦੇ ਨੇ*
*ਸੀਨਾ ਪਾੜ ਕੇ ਪੱਥਰਾਂ ਦਾ।*

❖❖❖❖❖



# ਸੋਚ ਦਾ ਸਫ਼ਰ

## ਭਾਗ 2


**ਅਵਤਾਰ ਤਰਕਸ਼ੀਲ ਨਿਊਜ਼ੀਲੈਂਡ**

**ਜੱਦੀ ਪਿੰਡ ਖੁਰਦਪੁਰ (ਜਲੰਧਰ)**

**Mobile: +64 21 392 147, Email: avtar31@hotmail.com**



*ਸੰਪਾਦਨ:*

ਪੰਜਾਬ ਵਿਰਾਸਤ ਭਵਨ ਅਤੇ ਲਾਇਬ੍ਰੇਰੀ ਆਕਲੈਂਡ

202 ਗ੍ਰੇਟ ਸਾਊਥ ਰੋਡ, ਮੈਨੁਰੇਵਾ, ਆਕਲੈਂਡ - 2102